
ਮਾਸਕ ੴ ਪਤਰ
ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ

MAR 1994



ਮਾਰਚ ੧੯੯੪

ਇਥੇ ਸਿਖ ਸੰਗਤਾਂ ਭਾਰੀ ਗਿਣਤੀ ਵਿਚ ਪੁਜ ਕੇ ਹੋਲਾ ਮਹੱਲਾ ਮਨਾਂਦੀਆਂ ਹਨ ।

www.AKJ.Org

# ਤਤਕਰਾ


| | | |
|---|---|---|
| ਚੇਤੁ ਬਸੰਤੁ ਭਲਾ | ੩ | ਤੁਖਾਰੀ ਬਾਰਹਮਾਹਾ ਮਹਲਾ ੧ |
| —ਅਰਥ ਵਿਆਖਿਆ | ੪ | — — — |
| ਦਸਮ ਪਾਤਸ਼ਾਹ ਦੀ ਖੰਡੇ ਦੀ ਫ਼ਿਲਾਸਫ਼ੀ | ੮ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਦੁਨੀਆ ਦੇ ਫ਼ਿਲਾਸਫ਼ਰਾਂ ਦੀ ਪੋਜ਼ੀਸ਼ਨ | ੧੦ | ,, ,, ,, |
| ਪੰਚ ਪਰਵਾਣ ਪੰਚ ਪਰਧਾਨੁ | ੧੪ | ਭਾਈ ਮਨਮੋਹਨ ਸਿੰਘ ਜੀ *M.Sc.* |
| ਟੂਟੀ ਗਾਢਨਹਾਰ ਗੁਪਾਲ | ੧੮ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਇਹੁ ਮਨੂਆ ਕਿਉਕਰਿ ਵਸਿ ਆਵੈ | ੨੧ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਗੁਰਮਤਿ ਸਾਗਰ ਟ੍ਰਸਟ | ੨੬ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੩੬) | ੨੮ | ਕੈਪਟਿਨ ਸਵਰਨ ਸਿੰਘ ਜੀ |
| ਸਮੱਸਿਆ ਸਿਖ ਵਕਾਰ ਦੀ ਬਹਾਲੀ ਦੀ | ੩੩ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ | ੪੦ | ਸ: ਬਲਵਿੰਦਰਪਾਲ ਸਿੰਘ ਜੀ |
| ਕਬਿਤ ਸਵਯੇ ਭਾਈ ਗੁਰਦਾਸ ਜੀ (੨੪) | ੪੩ | — — — |
| ਲਾਸਾਨੀ ਸ਼ਖ਼ਸੀਅਤ ਗੁਰੂ ਗੋਬਿੰਦ ਸਿੰਘ ਜੀ | ੪੭ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |
| ਗਿੱਧੇ ਤੇ ਭੰਗੜੇ ਗੁਰੂ ਸਾਹਿਬਾਨ ਦੇ ਨਾਵਾਂ ਹੇਠ | ੫੦ | ਭਾਈ ਬਲਵੰਤ ਸਿੰਘ, ਲੁਧਿਆਣਾ |


ਹੋਲਾ ਮਹੱਲਾ ੨੮ ਮਾਰਚ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੨. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੩. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਦੁਖ ਨਿਵਾਰਨ ਸਾਹਿਬ
੪. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੫. ਜ਼ਿਲਾ ਸੰਗਰੂਰ—(ੳ) ਸ. ਸੁਖਵਿੰਦਰ ਸਿੰਘ ਭੱਟੀ, ਐਡਵੋਕੇਟ, ਸੰਗਰੂਰ ਕੋਰਟ
(ਅ) ਪਿੰਡ ਉਪੋਕੇ [ਉਪਲ ਖੇੜੀ] ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੯ ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520
ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੮-੩-੯੪ ਨੂੰ ਪ੍ਰਕਾਸ਼ਤ ਕੀਤਾ


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੇ ਜਾ ਕਾ ਸਤਿਗੁਰੁ ਪੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**ਪਰਦੇਸ (ਸਾਰੇ)**
**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

**ਅਮਾਨਤੀ**
**ਲਾਈਫ ਮੈਂਬਰ**

| | |
|---|---|
| ਦੇਸ | ੨੫੦-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੮ — ਮਾਰਚ ੧੯੯੪ — ਅੰਕ ੩


## ਚੇਤੁ ਬਸੰਤੁ ਭਲਾ

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ।ਬਰਹ ਬਿਰੋਧ ਤਨੁ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥।੫॥

ਬਸੰਤੁ—ਧਰਤੀ ਨੂੰ ਫੁੱਲਾਂ ਆਦਿ ਨਾਲ ਢਕ ਲੈਣ ਵਾਲਾ ਮੌਸਮ । ਭਲਾ—ਸੁਹਾਵਣਾ, ਚੰਗਾ, ਸੋਹਣਾ । ਭਵਰ—ਭੌਰੇ । ਬਨ—ਜੰਗਲ, ਬਨਾਸਪਤੀ । ਮੰਝ—ਵਿਚ । ਬਾਰਿ—ਵਾੜੀ, ਬਗੀਚੀ । ਮੈ ਪਿਰੁ—ਮੇਰਾ ਪਿਆਰਾ । ਬਾਹੁੜੈ —ਆਵੇ । ਘਰਿ— ਹਿਰਦੇ-ਘਰ ਵਿਚ । ਧਨ—ਜੀਵ-ਇਸਤ੍ਰੀ । ਬਿਰਹ—ਵਿਛੋੜੇ ਦੀ ਪੀੜਾ । ਵਿਰੋਧ —ਵਿਰੋਧ ਵਾਲਾ, ਵੈਰੀ । ਤਨੁ ਛੀਜੈ ਸਰੀਰ ਟੁਟਦਾ ਭਜਦਾ ਹੈ । ਕੋਕਿਲ—ਕੋਇਲ । ਅੰਬਿ—ਅੰਬ ਬ੍ਰਿਛ ਉਤੇ । ਅੰਕਿ—ਹਿਰਦੇ ਵਿਚ । ਮਰੁ—ਮੌਤ । ਚੇਤਿ—ਚੇਤ ਮਹੀਨੇ ਵਿਚ । ਸਹਜਿ ਸੁਖੁ—ਆਤਮ ਅਵਸਥਾ ਵਿਚ ਟਿਕ ਕੇ ਪ੍ਰਾਪਤ ਕੀਤਾ ਸੁਖ । ਹਰਿ ਵਰੁ—ਪ੍ਰਭੂ-ਪਤੀ ।




www.AKJ.Org

# ਅਰਥ ਵਿਆਖਿਆ

**ਅਰਥ** : ਚੇਤ ਮਹੀਨਾ ਸੁਹਾਵਣਾ ਹੈ (ਕਿਉਂਕਿ ਇਸ ਮਹੀਨੇ) ਬਸੰਤ ਖਿੜਦਾ ਹੈ (ਅਤੇ ਬਸੰਤ ਦੇ ਖਿੜੇ ਫੁੱਲਾਂ ਤੇ) ਭੌਰੇ (ਗੂੰਜਾਰਾਂ ਪਾਉਂਦੇ) ਸੋਹਣੇ ਲਗਦੇ ਹਨ । ਖੇਤੀਆਂ ਵਾੜੀਆਂ (ਬਗੀਚਿਆਂ) ਵਿਚ ਸਾਰੀ ਬਨਾਸਪਤੀ ਫੁਲਦੀ ਫਲਦੀ ਹੈ (ਪਰ ਇਹ ਸਭ ਕੁਝ ਮੇਰੇ ਲਈ ਤਾਂ ਹੀ ਸੁਹਾਵਣੀ ਹੈ ਜੇ ਸਤਿਗੁਰੂ ਦਾ ਬਖਸ਼ਿਆ ਨਾਮ ਸਿਮਰ ਕੇ) ਮੇਰਾ ਪ੍ਰਭੂ-ਪਤੀ ਮੇਰੇ ਹਿਰਦੇ-ਘਰ ਵਿਚ ਆ ਵਸੇ ।

ਜੇ ਪ੍ਰਭੂ-ਪਤੀ ਹਿਰਦੇ-ਘਰ ਵਿਚ ਨਹੀਂ ਆਉਂਦਾ (ਹਿਰਦੇ ਵਿਚ ਨਹੀਂ ਵਸਦਾ) ਤਾਂ ਜੀਵ-ਇਸਤ੍ਰੀ (ਇਸ ਹਰਿਆਵਲੀ ਖਿੜੀ ਹੋਈ ਰੁੱਤ ਦਾ) ਕਿਵੇਂ ਸੁਖ ਮਾਣ ਸਕਦੀ ਹੈ ? ਉਸ ਦਾ ਸਰੀਰ (ਅੰਗ ਅੰਗ) ਤਾਂ ਵੈਰੀ-ਵਿਛੋੜੇ ਕਰਕੇ ਟੁਟ ਭਜ ਰਿਹਾ ਹੁੰਦਾ ਹੈ । (ਇਸ ਖਿੜੀ ਰੁੱਤ ਵਿਚ) ਕੋਇਲ ਅੰਬ ਦੇ ਬ੍ਰਿਛ ਤੇ ਬੈਠੀ (ਕੂ ਕੂ ਦੀ) ਮਿਠੀ ਬੋਲੀ ਬੋਲਦੀ ਹੈ, ਪਰ (ਪ੍ਰਭੂ-ਪ੍ਰੀਤਮ ਤੋਂ ਵਿਛੜੀ ਜੀਵ-ਇਸਤ੍ਰੀ ਲਈ ਇਹ) ਕਿਵੇਂ (ਸੁਖਦਾਈ ਹੋ ਸਕਦੀ) ਹੈ ? (ਉਹ ਤਾਂ ਵਿਛੋੜੇ ਦਾ) ਦੁਖ ਹਿਰਦੇ ਵਿਚ ਸਹਾਰ ਰਹੀ ਹੁੰਦੀ ਹੈ ।

(ਇਸ ਸੁਹਾਵਣੀ ਰੁੱਤੇ) ਫਲੀਆਂ ਫੁਲੀਆਂ ਡਾਲੀਆਂ ਤੇ ਭੌਰਾ (ਖੁਸ਼ੀ ਵਿਚ ਗੂੰਜਾਂ ਪਾਉਂਦਾ) ਫਿਰਦਾ ਹੈ । ਪਰ ਹੇ ਮਾਏ ! (ਇਹ ਸੁਹਾਵਣੀ ਰੁਤ) ਮੇਰੇ ਲਈ ਤਾਂ ਮੌਤ (ਸਮਾਨ ਦੁਖ ਰੂਪ) ਹੈ, ਮੈਂ (ਪਤੀ-ਵਿਛੋੜੇ ਵਿਚ) ਕਿਵੇਂ ਜੀਵਾਂ ? (ਕਿਵੇਂ ਜੀ ਸਕਦੀ ਹਾਂ ?) ।

'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ (ਇਸ ਸੁਹਾਵਣੀ ਰੁੱਤੇ) ਚੇਤ ਮਹੀਨੇ ਵਿਚ ਜੀਵ-ਇਸਤ੍ਰੀ ਤਾਂ ਹੀ ਸਹਜ-ਸੁਖ ਪਾ ਸਕਦੀ ਹੈ ਜੇ ਉਹ ਹਰਿ-ਵਰ ਨੂੰ ਹਿਰਦੇ-ਘਰ ਵਿਚ ਵਸਦਾ ਪਾ ਲੈਂਦੀ ਹੈ ।

**ਵਿਆਖਿਆ** :

ਬਸੰਤ ਤੋਂ ਪਹਿਲੋਂ ਠੰਢ ਨਾਲ ਬ੍ਰਿਛ-ਬੂਟੇ ਸੁੰਗੜੇ ਹੁੰਦੇ ਹਨ । ਬ੍ਰਿਛਾਂ ਨਾਲੋਂ ਪੱਤਰ ਡਿਗ ਕੇ ਡਾਲੀਆਂ ਰੋਡ-ਮਰੋਡੀਆਂ ਹੋਈਆਂ ਹੁੰਦੀਆਂ ਹਨ । ਹਰਿਆਵਲ ਕਿਤੇ ਨਜ਼ਰ ਨਹੀਂ ਆਉਂਦੀ । ਚੇਤ ਮਹੀਨੇ ਬਸੰਤ ਦੇ ਆਉਣ ਨਾਲ ਸਭ ਪਾਸੇ ਹਰਿਆਵਲ ਛਾ ਜਾਂਦੀ ਹੈ । ਫੁੱਲਾਂ ਨਾਲ ਕਿਆਰੀਆਂ ਸੁਹਾਵਣੀਆਂ ਦਿਸਦੀਆਂ ਹਨ । ਭੌਰੇ ਫੁੱਲਾਂ ਤੇ ਗੂੰਜਦੇ ਫਿਰਦੇ ਹਨ । ਅੰਬਾਂ ਤੇ ਬੂਰ ਪੈ ਜਾਂਦਾ ਹੈ ਅਤੇ ਕੋਇਲਾਂ ਅੰਬ ਦੇ ਰੁਖਾਂ ਤੇ ਬੈਠ ਕੇ ਮਿਠੀ 'ਕੂ ਕੂ' ਦੀ ਬੋਲੀ ਬੋਲਦੀਆਂ ਹਨ । ਜੀਵ-ਜੰਤੂ ਪ੍ਰਾਣੀ ਮਾਤਰ ਇਸ ਮਿੱਠੀ ਸੁਹਾਵਣੀ ਰੁੱਤ ਦਾ ਅਨੰਦ ਮਾਣਦੇ ਹਨ ।

ਪਰ, ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ ਇਹ ਸੁਹਾਵਣੀ ਬਸੰਤ ਰੁੱਤ ਉਨ੍ਹਾਂ ਪ੍ਰਾਣੀਆਂ ਲਈ ਹੀ ਭਲੀ ਹੈ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪ੍ਰੀਤਮ ਦਾ ਵਾਸਾ ਹੁੰਦਾ ਹੈ, ਜਿਨ੍ਹਾਂ ਦੇ ਮਨ ਅੰਦਰ ਪ੍ਰਭੂ-ਨਾਮ ਵਸ-ਰਸ ਜਾਂਦਾ ਹੈ । ਪੰਚਮ ਸਤਿਗੁਰੂ ਜੀ ਰਾਮਕਲੀ ਵਿਚ 'ਰੁੱਤੀ' ਸਿਰਲੇਖ ਹੇਠ ਕਹਿ ਰਹੇ ਹਨ—

ਰੁਤਿ ਸਰਸ ਬਸੰਤ, ਮਾਹ ਚੇਤੁ ਵੈਸਾਖ ਸੁਖ ਮਾਸ ਜੀਉ ॥
ਹਰਿ ਜੀਉ ਨਾਹ ਮਿਲਿਆ, ਮਉਲਿਆ ਮਨੁ ਤਨੁ ਸਾਸ ਜੀਉ ॥
ਘਰਿ ਨਾਹੁ ਨਿਹਚਲੁ ਅਨਦੁ ਸਖੀਏ, ਚਰਨ ਕਮਲ ਪ੍ਰਫੁਲਿਆ ॥
ਸੁੰਦਰੁ ਸੁਘੜੁ ਸੁਜਾਨੁ ਬੇਤਾ, ਗੁਣ ਗੋਵਿੰਦ ਅਮੁਲਿਆ ॥
ਵਡਭਾਗਿ ਪਾਇਆ ਦੁਖੁ ਗਵਾਇਆ, ਭਈ ਪੂਰਨ ਆਸ ਜੀਉ ॥
ਬਿਨਵੰਤਿ ਨਾਨਕ ਸਰਣਿ ਤੇਰੀ, ਮਿਟੀ ਜਮ ਕੀ ਤ੍ਰਾਸ ਜੀਉ ॥੨॥ (ਪੰਨਾ ੯੨੭)

ਜਿਨ੍ਹਾਂ ਨੂੰ 'ਹਰਿ ਜੀਉ ਨਾਹ ਮਿਲਿਆ' ਉਨ੍ਹਾਂ ਦਾ ਮਨ ਤਨ ਤੇ ਸਵਾਸ ਸਭ ਕੁਝ ਹਰਿਆ ਹੋ ਗਿਆ । ਸਤਿਗੁਰੂ ਜੀ ਇਸ ਭਲੀ ਰੁਤ ਦੇ ਆਗਮਨ ਦਾ ਸਤਿਕਾਰ ਕਰਦੇ ਜੋਦੜੀ ਕਰਦੇ ਹਨ—



www.AKJ.Org

ਚੜਿ ਚੇਤ ਬਸੰਤੁ ਮੇਰੇ ਪਿਆਰੇ, ਭਲੀਅ ਰੁਤੇ ॥
ਪਿਰ ਬਾਝੜਿਅਹੁ ਮੇਰੇ ਪਿਆਰੇ, ਆਂਗਣਿ ਧੂੜਿ ਲੁਤੇ ॥੪॥ (ਪੰਨਾ ੪੫੨)

ਗੁਰਮੁਖ ਪਿਆਰਿਆਂ, ਗੁਰੂ ਚਰਨਾਂ ਦੇ ਭੌਰਿਆਂ ਲਈ, ਚਰਨ ਕਮਲ ਕੀ ਮੌਜ ਵਿਚ ਨਾਮ-ਰੰਗ ਦੇ ਖੇੜੇ ਖਿੜਨ ਨਾਲ ਹੀ ਬਸੰਤ ਰੁਤ ਸੁਹਾਵਣੀ ਹੈ। ਪਿਆਰੇ ਪ੍ਰੀਤਮ-ਪ੍ਰਭੂ ਤੋਂ ਬਿਨਾਂ ਉਨ੍ਹਾਂ ਲਈ ਇਸ ਰੁੱਤੇ ਵੀ ਵਿਹੜੇ ਵਿਚ ਘੱਟੇ ਮਿੱਟੀ ਦੇ ਵਾ-ਵਰੋਲੇ ਉਡਦੇ ਜਾਪਦੇ ਹਨ। ਉਨ੍ਹਾਂ ਦੇ ਭਾਣੇ ਬਸੰਤ ਦਾ ਅਸਲ ਖੇੜਾ ਉਨ੍ਹਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦੇ ਹਿਰਦੇ ਵਿਚ ਪਤੀ-ਪਰਮੇਸ਼ਰ ਵਸਿਆ ਹੁੰਦਾ ਹੈ; ਪਰ ਪਤੀ-ਪ੍ਰਭੂ ਤੋਂ ਵਿਛੜੀਆਂ ਜੀਵ-ਇਸਤ੍ਰੀਆਂ ਤਾਂ ਹਰ ਵੇਲੇ ਮਾਇਆ ਦੇ ਧੰਦਿਆਂ ਵਿਚ ਖਪਦੀਆਂ ਖ੍ਹਿਝਦੀਆਂ ਰਹਿੰਦੀਆਂ ਹਨ। ਫ਼ੁਰਮਾਨ ਹੈ—

ਨਾਨਕ ਤਿਨਾ ਬਸੰਤੁ ਹੈ ਜਿਨ ਘਰਿ ਵਸਿਆ ਕੰਤੁ ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥੨॥੮॥ (ਪੰਨਾ ੭੯੧)

ਅਤੇ—ਨਾਨਕ ਤਿਨਾ ਬਸੰਤੁ ਹੈ ਜਿਨਾ ਗੁਰਮੁਖਿ ਵਸਿਆ ਮਨਿ ਆਇ ॥
ਹਰਿ ਵੁਠੈ ਮਨੁ ਤਨੁ ਪਰਫੜੈ ਸਭੁ ਜਗੁ ਹਰਿਆ ਹੋਇ ॥੬੧॥ (ਪੰਨਾ ੧੪੨੦)

ਹਰੀ-ਪ੍ਰਭੂ ਦੇ ਸੰਗ ਸਾਥ ਨਾਮ-ਰਸੀਆਂ ਦਾ ਮਨ ਤਨ ਪ੍ਰਫੁਲਿਤ ਹੋ ਜਾਂਦਾ ਹੈ, ਅਤੇ ਆਤਮ-ਰੰਗ ਵਿਚ ਨਾਮ ਦੇ ਖੇੜੇ ਖਿੜਾਂਦਿਆਂ ਉਨ੍ਹਾਂ ਲਈ ਸਾਰਾ ਜਗਤ ਹੀ ਖਿੜਿਆ ਹੋਇਆ ਹਰੀ ਦਾ ਰੂਪ ਹੋ ਜਾਂਦਾ ਹੈ।

'ਬਾਰਹਮਾਹਾ ਤੁਖਾਰੀ' ਦੇ ੧੨ ਮਹੀਨਿਆਂ ਤੋਂ ਪਹਿਲੇ ਚਾਰ ਪਦੇ ਹੇਠਾਂ ਅਰਥਾਂ ਸਮੇਤ ਦਿਤੇ ਜਾਂਦੇ ਹਨ—

**ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥**
**ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥**
**ਹਰਿ ਰਚਨਾ ਤੇਰੀ ਕਿਆ ਗਤਿ ਮੇਰੀ, ਹਰਿ ਬਿਨੁ ਘੜੀ ਨ ਜੀਵਾ ॥**
**ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ, ਗੁਰਮੁਖਿ ਅੰਮ੍ਰਿਤੁ ਪੀਵਾਂ ॥**
**ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥**
**ਨਾਨਕ ਪੰਥੁ ਨਿਹਾਲੇ ਸਾਧਨ, ਤੂ ਸੁਣਿ ਆਤਮਰਾਮਾ ॥੧॥**

**ਪਦ ਅਰਥ** : ਕਿਰਤ ਕਰੰਮਾ ਪੁਰਬਿ—ਪੂਰਬਲੇ ਜਨਮ ਦੇ ਕੀਤੇ ਕਰਮਾਂ ਦਾ ਲੇਖ। ਸਿਰਿ ਸਿਰਿ—ਹਰੇਕ ਪ੍ਰਾਣੀ ਦੇ ਸਿਰ ਉਤੇ। ਸੁਖ ਸਹੰਮਾ- ਸੁਖ ਤੇ ਸਹਿਮ (ਦੁਖ)। ਗਤਿ—ਦਸ਼ਾ, ਹਾਲਤ। ਪ੍ਰਿਅ—ਪਤੀ-ਪ੍ਰਭੂ। ਦੁਹੇਲੀ—ਦੁਖੀ। ਬੇਲੀ—ਸਾਥ ਦੇਣ ਵਾਲਾ ਮਦਦਗਾਰ। ਗੁਰਮੁਖਿ—ਸਤਿਗੁਰੂ ਦਾ ਆਗਿਆਕਾਰੀ। ਅੰਮ੍ਰਿਤ—ਨਾਮ-ਅੰਮ੍ਰਿਤ। ਨਿਰੰਕਾਰੀ—ਨਿਰੰਕਾਰ ਦੀ। ਕਰਮ ਸੁਕਰਮਾ—ਕਰਮਾਂ ਸਿਰ ਉਤਮ ਕਰਮ। ਪੰਥੁ—ਰਸਤਾ, ਮਾਰਗ। ਨਿਹਾਲੇ—ਵੇਖਦੀ ਹੈ। ਸਾਧਨ—(ਜੀਵ) ਇਸਤ੍ਰੀ। ਆਤਮਰਾਮਾ—ਆਤਮਾ ਵਿਚ ਰਮੇ ਹੋਏ, ਸਰਬ-ਵਿਆਪਕ ਪ੍ਰਭੂ।

**ਅਰਥ** : ਵਾਹਿਗੁਰੂ ਜੀਓ, ਤੁਸੀਂ (ਮੇਰੀ ਬੇਨਤੀ) ਸੁਣੋ ਜੀ, ਹਰੇਕ ਜੀਵ ਦੇ ਸਿਰ ਤੇ ਪੂਰਬਲੇ ਜਨਮਾਂ ਦੇ ਕੀਤੇ ਕਰਮਾਂ ਦੇ ਲੇਖ ਅਨੁਸਾਰ ਜੋ ਸੁਖ ਦੁਖ ਤੂੰ ਦੇਂਦਾ ਹੈਂ, ਉਹੀ ਭਲਾ ਹੈ। ਹੇ ਹਰੀ ਪ੍ਰਭੂ ਜੀਓ, ਤੇਰੀ ਰਚੀ ਹੋਈ ਮਾਇਆ ਵਿਚ ਉਲਝ ਕੇ ਮੇਰੀ ਕੀ ਦਸ਼ਾ ਹੋ ਰਹੀ ਹੈ, ਭਾਵ, ਤੈਥੋਂ ਵਿਛੜੀ ਫਿਰਦੀ ਹਾਂ। ਹੇ ਵਾਹਿਗੁਰੂ ਜੀ ! ਤੈਂ ਹਰੀ ਬਾਝੋਂ ਇਕ ਘੜੀ ਦਾ ਜੀਉਣਾ ਵੀ ਕਿਸੇ ਲੇਖੇ ਨਹੀਂ। ਪਤੀ-ਪ੍ਰਭੂ ਤੋਂ ਬਿਨਾਂ ਮੈਂ ਜੀਵ-ਇਸਤ੍ਰੀ ਦੁਖੀ ਹੋ ਰਹੀ ਹਾਂ, (ਤੈਥੋਂ ਬਿਨਾਂ) ਕੋਈ ਵੀ ਸਹਾਇਤਾ ਕਰਨ ਵਾਲਾ ਨਹੀਂ ਹੈ। (ਪ੍ਰਭੂ ਜੀਓ, ਮਿਹਰ ਕਰੋ, ਕਿ) ਮੈਂ ਸਤਿਗੁਰੂ ਦਾ ਆਗਿਆਕਾਰੀ ਹੋ ਕੇ, (ਗੁਰ-ਦੀਖਿਆ ਪ੍ਰਾਪਤ ਕਰ ਕੇ) ਨਾਮ-ਅੰਮ੍ਰਿਤ-ਰਸ ਹੀ ਪੀਈ ਜਾਵਾਂ।



www.AKJ.Org

ਸਾਰ ਸਿੱਟਾ ਇਹ ਕਿ ਅਸੀਂ ਜੀਵ ਨਿਰੰਕਾਰ-ਪ੍ਰਭੂ ਦੀ ਰਚੀ ਮਾਇਆ (ਦੇ ਫੋਕਟ ਕਰਮਾਂ) ਵਿਚ ਰਚੇ ਪਏ ਹਾਂ, ਪਰ ਪ੍ਰਭੂ-ਪ੍ਰੀਤਮ ਦਾ ਨਾਮ ਮਨ ਵਿਚ ਵਸਾਣਾ ਹੀ ਕਰਮਾਂ ਸਿਰ ਉਤਮ ਕਰਮ ਹੈ। 'ਨਾਨਕ' ਮੁਹਰ-ਛਾਪ ਲਾ ਕੇ ਸਤਿਗੁਰੂ ਕਥਨ ਕਰਦੇ ਹਨ—ਹੇ ਸਰਬ-ਵਿਆਪੀ ਪ੍ਰਭੂ ਜੀਉ, ਮੇਰੀ ਅਰਜ਼ ਸੁਣੋ ਜੀ, ਮੈਂ ਜੀਵ-ਇਸਤ੍ਰੀ (ਤੇਰੇ ਦਰਸ਼ਨ-ਮਿਲਾਪ ਲਈ) ਤੇਰਾ ਰਾਹ ਤੱਕ ਰਹੀ ਹਾਂ ਜੀ ।੧।

**ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ॥**
**ਸਾਧਨ ਸਭਿ ਰਸ ਚੋਲੈ ਅੰਕਿ ਸਮਾਣੀਆ ॥**
**ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੁਹਾਗਣਿ ਨਾਰੇ ॥**
**ਨਵ ਘਰਿ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ ॥**
**ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ ॥**
**ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ ॥੨॥**

**ਪਦ ਅਰਥ** : ਪ੍ਰਿਉ ਬੋਲੇ—'ਪ੍ਰਿਉ ਪ੍ਰਿਉ' ਬੋਲਦਾ ਹੈ। ਕੋਕਿਲ—ਕੋਇਲ । ਬਾਣੀਆ—ਮਿੱਠੀ ਬਾਣੀ। ਸਾਧਨ—ਇਸਤ੍ਰੀ। ਚੋਲੈ—ਖਾਂਦੀ ਹੈ, ਭੁੰਚਦੀ ਹੈ। ਅੰਕਿ—ਗੋਦ ਵਿਚ। ਸੁਹਾਗਣਿ—ਭਾਗਵੰਤੀ। ਨਵ ਘਰ ਥਾਪਿ—ਨੌ ਗੋਲਕਾਂ ਵਾਲੇ ਸਰੀਰ ਨੂੰ ਥਾਪ ਕੇ, ਜੁਗਤ ਵਿਚ ਰਖ ਕੇ। ਮਹਲ ਘਰੁ ਊਚਉ—ਪ੍ਰਭੂ ਦਾ ਉੱਚਾ ਨਿਵਾਸ-ਅਸਥਾਨ। ਨਿਜ ਘਰਿ ਵਾਸੁ ਮੁਰਾਰੇ—ਮੁਰਾਰੀ-ਪ੍ਰਭੂ ਦੇ ਆਪਣੇ ਘਰ ਵਿਚ। ਸਭ ਤੇਰੀ—ਸਾਰੀ ਰਚੀ ਸ੍ਰਿਸ਼ਟੀ ਤੇਰੀ। ਨਿਸਿ ਬਾਸੁਰ—ਰਾਤ ਦਿਨ। ਰੰਗਿ—ਪ੍ਰੇਮ-ਪਿਆਰ ਨਾਲ। ਰਾਵੈ—ਭੁੰਚਦੀ ਹੈ, ਅਨੰਦ ਮਾਣਦੀ ਹੈ। ਸਬਦਿ—ਸ਼ਬਦ ਦੁਆਰਾ।

**ਅਰਥ** : (ਜਿਵੇਂ ਵੈਰਾਗ ਵਿਚ) ਪਪੀਹਾ 'ਪ੍ਰਿਉ ਪਿਉ' ਪੁਕਾਰਦਾ ਹੈ ਅਤੇ ਕੋਇਲ 'ਕੂ ਕੂ' ਦੀ ਬਾਣੀ, (ਇਸੇ ਤਰ੍ਹਾਂ ਵੈਰਾਗਵਾਨ) ਜੀਵ-ਇਸਤ੍ਰੀ (ਪ੍ਰਭੂ-ਨਾਮ ਨੂੰ ਕੂਕਦੀ ਪੁਕਾਰਦੀ) ਪ੍ਰਭੂ ਦੀ ਗੋਦ ਵਿਚ ਸਮਾਅ ਕੇ ਸਾਰੇ ਅਨੰਦ-ਮੰਗਲ-ਰਸ ਭੁੰਚਦੀ (ਮਾਣਦੀ) ਹੈ। ਜਿਹੜੀ ਜੀਵ-ਇਸਤ੍ਰੀ (ਪੂਰਨ ਸ਼ਰਧਾ-ਭਾਵਨੀ ਕਰਿ ਹੁਕਮੀ ਕਾਰ ਕਮਾਂਦੀ ਹੋਈ) ਪ੍ਰਭੂ-ਪ੍ਰੀਤਮ ਨੂੰ ਪਿਆਰੀ ਲਗ ਜਾਂਦੀ ਹੈ, ਓਹੋ ਇਸਤ੍ਰੀ ਪ੍ਰਭੂ ਦੀ ਗੋਦੀ ਵਿਚ ਸਮਾਂਦੀ ਹੈ ਅਤੇ ਭਾਗਾਂ ਵਾਲੀ ਹੁੰਦੀ ਹੈ। ਉਹ ਆਪਣੇ ਨੌ ਗੋਲਕਾਂ ਵਾਲੇ ਸਰੀਰ ਨੂੰ ਜੁਗਤ ਵਿਚ ਰਖ ਕੇ, ਮੁਰਾਰੀ-ਪ੍ਰਭੂ ਦੇ ਨਿਜ ਸਰੂਪ ਵਿਚ ਵਾਸਾ ਪਾ ਲੈਂਦੀ ਹੈ ਅਤੇ ਵਾਹਿਗੁਰੂ ਜੀ ਦਾ ਉੱਚਾ ਨਿਵਾਸ-ਅਸਥਾਨ ਪ੍ਰਾਪਤ ਕਰ ਲੈਂਦੀ ਹੈ। ਦਿਨ ਰਾਤ ਪ੍ਰਭੂ ਦੇ ਨਾਮ-ਰੰਗ ਵਿਚ ਰੰਗੀਜੀ ਉਹ ਜੀਵ-ਇਸਤ੍ਰੀ ਬੇਨਤੀ ਕਰਦੀ ਹੈ ਕਿ ਪ੍ਰੀਤਮ ਪ੍ਰਭੂ ਜੀ, ਇਹ ਸਾਰੀ ਸ੍ਰਿਸ਼ਟੀ ਤੇਰੀ ਸਿਰਜੀ ਹੋਈ ਹੈ (ਤੂੰ ਹੀ ਸਭਨਾਂ ਦਾ ਮਾਲਕ ਹੈਂ ਅਤੇ) ਮੇਰਾ ਵੀ ਪਿਆਰਾ ਮਾਲਕ ਤੂੰ ਹੀ ਹੈਂ। 'ਨਾਨਕ'! ਜਿਵੇਂ ਪਪੀਹਾ 'ਪ੍ਰਿਉ ਪ੍ਰਿਉ' ਟੇਰਦਾ ਹੈ ਅਤੇ ਕੋਇਲ 'ਕੂ ਕੂ' ਦੀ ਬੋਲੀ, ਇਉਂ ਹੀ ਉਹ ਜੀਵ-ਇਸਤ੍ਰੀ ਗੁਰ-ਸ਼ਬਦ ਨਾਮ-ਸਿਮਰਨ ਦੀ ਲਗਾਤਾਰੀ ਰੱਟ ਨਾਲ ਸ਼ੋਭਾ ਪਾਉਂਦੀ ਹੈ ।੨।

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥
ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ ॥
ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ।
ਨਾ ਕੋਈ ਮੇਰਾ ਹਉ ਕਿਸੁ ਕੇਰਾ, ਹਰਿ ਬਿਨੁ ਰਹਣੁ ਨ ਜਾਏ ॥
ਓਟ ਗਹੀ ਹਰਿ ਚਰਣ ਨਿਵਾਸੇ, ਭਏ ਪਵਿਤ੍ਰ ਸਰੀਰਾ ॥
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ, ਗੁਰ ਸਬਦੀ ਮਨੁ ਧੀਰਾ ॥੩॥

**ਪਦ ਅਰਥ** : ਰਸ-ਭਿੰਨੇ—ਹੇ ਰਸ-ਭਿੰਨੇ ਵਾਹਿਗੁਰੂ! ਆਪਣੇ—ਮੇਰੇ ਆਪਣੇ। ਰਵਤ ਰਵੰਨੇ—ਸਭ ਥਾਈਂ


www.AKJ.Org

ਰਮੇ (ਵਿਆਪਕ ਹੋਏ, ਵਸ ਰਹੇ) ਵਾਹਿਗੁਰੂ। ਬਿਸਾਰੀ–ਵਿਸਾਰੀਂ, ਮੈਂ ਵਿਸਾਰਾਂ। ਹਉ–ਮੈਂ। ਬਲਿਹਾਰੀ–ਕੁਰਬਾਨ। ਗਾਏ–ਗਾਇ, ਗਾ ਕੇ। ਕੇਰਾ–ਦਾ। ਰਹਣੁ–ਰਹਿਣਾ। ਓਟ–ਟੇਕ, ਆਸਰਾ। ਗਹੀ–ਪਕੜੀ, ਲਈ। ਦ੍ਰਿਸਟਿ ਦੀਰਘ–ਡੂੰਘੀ ਦ੍ਰਿਸ਼ਟੀ ਵਾਲਾ, ਲੰਮੀ ਸੋਚ ਵਾਲਾ। ਧੀਰਾ- ਧੀਰਜ-ਵਾਨ।

**ਅਰਥ** : ਹੇ ਰਸ-ਭਿੰਨੇ ਮੇਰੇ ਆਪਣੇ ਪ੍ਰੀਤਮ ! ਹੇ ਮੇਰੇ ਮਨ ਵਿਚ ਤਨ ਵਿਚ ਵਸ ਰਹੇ ਵਾਹਿਗੁਰੂ ! (ਮੇਰੀ ਬੇਨਤੀ) ਤੂੰ ਸੁਣਨਾ ਕਰ, ਕਿ (ਮੇਰੇ ਮਨ ਨੂੰ ਤੇਰਾ ਨਾਮ) ਇਕ ਘੜੀ ਭਰ ਵੀ ਨ ਵਿਸਰੇ। ਮੈਂ ਤੈਥੋਂ ਕੁਰਬਾਨ ਹੁੰਦਾ ਹਾਂ, ਮੈਂ ਕਿਵੇਂ ਤੈਨੂੰ ਇਕ ਘੜੀ ਵੀ ਵਿਸਾਰ ਸਕਦਾ ਹਾਂ, ਮੈਂ ਤਾਂ ਤੇਰੇ ਗੁਣ (ਸਿਫਤ-ਸਾਲਾਹ) ਗਾ ਗਾ ਕੇ ਜੀਂਦਾ ਹਾਂ। (ਹੇ ਪ੍ਰਭੂ ਜੀ ! ਤੈਥੋਂ ਬਿਨਾਂ) ਮੇਰਾ ਕੋਈ ਵੀ ਸੰਗੀ ਸਾਥੀ ਨਹੀਂ ਹੈ ਅਤੇ ਨਾ ਹੀ ਮੈਂ ਕਿਸੇ ਦਾ ਹਾਂ, ਇਸ ਕਰਕੇ ਹਰੀ ਪ੍ਰਭੂ ਤੋਂ ਬਿਨਾਂ ਕਿਸੇ ਤਰ੍ਹਾਂ ਵੀ ਰਹਿਣਾ ਨਹੀਂ ਹੋ ਸਕਦਾ, ਰਿਹਾ ਨਹੀਂ ਜਾ ਸਕਦਾ।

(ਸਾਰ ਸਿੱਟਾ ਹੈ ਕਿ ਜਿਸ ਕਿਸੇ ਨੇ) ਹਰੀ-ਪ੍ਰਭੂ ਦੀ ਓਟ ਲਈ ਹੈ ਅਤੇ ਉਸ ਦੇ ਚਰਨਾਂ ਵਿਚ ਟਿਕਿਆ ਹੈ (ਭਾਵ, ਪ੍ਰਭੂ-ਨਾਮ ਨੂੰ ਸਿਮਰਿਆ ਹੈ), ਉਸ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ। 'ਨਾਨਕ' ! ਉਹ ਪ੍ਰਾਣੀ ਗੰਭੀਰ ਵਿਚਾਰ ਵਾਲਾ ਹੋ ਕੇ ਸੁਖ ਪਾਉਂਦਾ ਹੈ ਅਤੇ ਗੁਰੂ ਦੇ ਸ਼ਬਦ (ਨਾਮ ਸਿਮਰਨ ਦੀ ਕਮਾਈ) ਦੁਆਰਾ ਉਸ ਦਾ ਮਨ ਧੀਰਜਵਾਨ ਹੋ ਜਾਂਦਾ ਹੈ।੩।

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ ॥
ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ ॥
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ ॥
ਘਰਿ ਘਰਿ ਕੰਤੁ ਰਵੈ ਸੋਹਾਗਣਿ, ਹਉ ਕਿਉ ਕੰਤਿ ਵਿਸਾਰੀ ॥
ਉਨਵਿ ਘਨ ਛਾਏ ਬਰਸੁ ਸੁਭਾਏ, ਮਨਿ ਤਨਿ ਪ੍ਰੇਮੁ ਸੁਖਾਵੈ ॥
ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ ॥੪॥

**ਪਦ ਅਰਥ** : ਅੰਮ੍ਰਿਤ ਧਾਰ ਬੂੰਦ–ਨਾਮ ਦੀ ਅੰਮ੍ਰਿਤ ਧਾਰਾ-ਬੂੰਦ। ਸੁਹਾਵਣੀ–ਸੋਭਨੀਕ। ਸਹਜਿ ਸੁਭਾਇ–ਸਹਜ ਅਵਸਥਾ ਵਿਚ ਤੇ ਸ਼ਰਧਾ-ਭਾਵਨੀ ਵਿਚ। ਮੰਦਰਿ–ਹਿਰਦੇ-ਘਰ ਵਿਚ। ਧਨ–ਇਸਤ੍ਰੀ। ਊਭੀ–ਖੜੀ, ਸਾਵਧਾਨ ਹੋ ਕੇ। ਸਾਰੀ–ਉਚਾਰਦੀ ਹੈ। ਘਰਿ ਘਰਿ–ਹਰੇਕ ਹਿਰਦੇ ਵਿਚ। ਰਵੈ–ਰਾਂਵਦਾ ਹੈ, ਭੋਗਦਾ ਹੈ, ਨਾਮ-ਰੰਗ ਦਾ ਅਨੰਦ-ਮੰਗਲ ਬਖਸ਼ਦਾ ਹੈ। ਕੰਤਿ–ਪਤੀ-ਪ੍ਰਭੂ ਨੇ। ਉਨਵਿ–ਝੁਕ ਕੇ, ਉਮਡ ਕੇ। ਘਨ–ਹੇ ਬਦਲ ! ਸੁਭਾਏ–ਪਿਆਰ ਨਾਲ।

**ਅਰਥ** : ਜਦੋਂ ਸਹਜ ਅਵਸਥਾ ਵਿਚ ਸ਼ਰਧਾ-ਭਾਵਨੀ ਨਾਲ ਟਿਕ ਕੇ, ਹਰੀ ਨਾਮ ਨਾਲ ਪ੍ਰੀਤ ਬਣ ਜਾਏ ਤਾਂ ਸੱਜਣ-ਪ੍ਰਭੂ ਜੀ ਮਿਲ ਪੈਂਦੇ ਹਨ, ਪ੍ਰਭੂ-ਪ੍ਰੀਤਮ ਨਾਲ ਇਕ-ਮਿਕਤਾ ਹੋ ਜਾਂਦੀ ਹੈ ਅਤੇ ਫਿਰ (ਦਸਮ ਦੁਆਰ ਚੋਂ) ਨਾਮ-ਅੰਮ੍ਰਿਤ-ਧਾਰਾ ਦੀ ਬੂੰਦ ਵਰਖਦੀ ਹੈ, ਜੋ ਬਹੁਤ ਹੀ ਸੁਹਾਵਣੀ ਹੁੰਦੀ ਹੈ। ਜਦੋਂ ਜੀਵ-ਇਸਤ੍ਰੀ ਸਾਵਧਾਨ ਹੋ ਕੇ ਵਾਹਿਗੁਰੂ ਦੇ ਗੁਣ (ਸਿਫ਼ਤ-ਸਾਲਾਹ) ਉਚਾਰਦੀ ਹੈ ਤਾਂ ਪ੍ਰਭੂ-ਪ੍ਰੀਤਮ ਨੂੰ ਚੰਗੀ ਲਗ ਜਾਂਦੀ ਹੈ ਅਤੇ ਪ੍ਰੀਤਮ-ਪ੍ਰਭੂ ਉਸ ਦੇ ਹਿਰਦੇ-ਮੰਦਰ ਵਿਚ ਆ ਟਿਕਦਾ ਹੈ।

(ਹੁਣ ਤਰਲਾ ਲੈਂਦੇ ਹਨ ਕਿ) ਪ੍ਰੀਤਮ-ਪ੍ਰਭੂ ਸਮੂਹ ਸੁਹਾਗਵੰਤੀਆਂ (ਨਾਮ-ਰੰਗ-ਰਤੀਆਂ ਜੀਵ-ਇਸਤ੍ਰੀਆਂ) ਦੇ ਹਿਰਦੇ ਵਿਚ ਨਾਮ-ਰੰਗ ਦੇ ਅਨੰਦ-ਮੰਗਲ ਬਖਸ਼ ਰਿਹਾ ਹੈ ਤਾਂ ਫਿਰ ਮੈਂ (ਅਭਾਗਣ) ਨੂੰ ਪ੍ਰਭੂ-ਪਤੀ ਨੇ ਕਿਉਂ ਵਿਸਾਰ ਦਿਤਾ ਹੈ ! ਹੇ ਝੁਕ ਕੇ ਉਮਡ ਆਏ ਬਦਲ, ਪਿਆਰ ਵਿਚ ਆ ਕੇ ਵਸ (ਭਾਵ, ਹੇ ਬਖ਼ਸ਼ਸ਼ ਵਿਚ ਉਮਡ ਆਏ ਵਰਖਾ ਕਰਨ ਵਾਲੇ ਪ੍ਰੀਤਮ ਜੀ, ਮੇਰੇ ਤੇ ਵੀ ਮਿਹਰ ਦੀ ਵਰਖਾ ਕਰੋ) ਤਾਂਕਿ ਮੇਰੇ ਮਨ ਵਿਚ ਤਨ ਵਿਚ ਪ੍ਰੇਮ ਸੁਖਦਾਈ ਹੋ ਜਾਵੇ। 'ਨਾਨਕ' ! ਜਦੋਂ ਕਿਰਪਾ ਕਰ ਕੇ ਪ੍ਰੀਤਮ-ਪਿਆਰਾ ਹਿਰਦੇ-ਘਰ ਵਿਚ ਆ ਵਸਦਾ ਹੈ ਤਾਂ ਹਿਰਦੇ ਵਿਚ ਅੰਮ੍ਰਿਤ-ਬਾਣੀ ਦੀ ਅੰਮ੍ਰਿਤ-ਵਰਖਾ ਹੁੰਦੀ ਹੈ।੪।



www.AKJ.Org

# ਦਸਮ ਪਾਤਸ਼ਾਹ ਦੀ ਖੰਡੇ ਦੀ ਫ਼ਿਲਾਸਫ਼ੀ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾਂ ਰਸ ਦੀ ਕਮਾਈ ਦਾ ਸਿਖਰਲਾ ਡੰਡਾ ਹੈ। ਏਥੇ ਅੱਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ। ਜਿਨ੍ਹਾਂ ਦੀ ਆਤਮ-ਬਿਰਤੀ ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ-ਅਭਿਆਸ ਤੋਂ ਰਹਿਤ ਹੋ ਚੁੱਕੀ ਹੈ, ਜਿਨ੍ਹਾਂ ਦੇ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉੱਚੇ ਹੋ ਚੁੱਕੇ ਹਨ, ਜੋ ਨਾਮ ਰਸਾਇਣੀ ਨਸ਼ੇ ਨਾਲ ਖੀਵੇ ਹੋ ਕੇ ਦੇਹੋਂ ਬਦੇਹ ਹੋ ਚੁੱਕੇ ਹਨ, ਜਿਨ੍ਹਾਂ ਦੀ ਅਮਲੀ ਭਗਤੀ ਕਮਾਈ :—

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥

ਸਲੋਕ ਕਬੀਰ ਜੀ, ਪੰਨਾ ੧੩੭੫

ਦੇ ਵਾਕ ਵਾਲੇ ਭਾਵ ਦੇ ਟਿਕਾਣੇ ਤੇ ਪਹੁੰਚ ਚੁੱਕੀ ਹੈ, ਜਿਨ੍ਹਾਂ ਦੇ ਰਗੋ-ਰੇਸ਼ੇ ਅੰਦਰ ਚੜ੍ਹਦੀਆਂ ਕਲਾਂ ਵਾਲਾ ਬੀਰ ਰਸ ਹਰ ਦੰਮ ਠਾਠਾਂ ਮਾਰ ਉੱਠਦਾ ਹੈ, ਉਹੀ ਪੁਰਸ਼ ਹੀ ਪਰਉਪਕਾਰੀ ਬਣ ਸਕਦੇ ਹਨ। ਪਰ ਪਰਉਪਕਾਰ ਨਮਿੱਤ ਬੀਰ ਰਸ ਦੇ ਅੰਤਰ-ਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾਂ ਦੁਖੀਆਂ ਪਰ ਜਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੁੰਦੀ ਹੋਵੇ, ਅਨਿਆਉਂ ਅੱਤਿਆਚਾਰ ਹੋ ਰਿਹਾ ਹੋਵੇ, ਉਥੇ ਜਿਸ ਦੇ ਰਿਦੰਤਰ ਦੀਨ-ਰੱਖਿਆ ਤੇ ਧਰਮ-ਰੱਖਿਆ ਦੇ ਅਗੰਮੀ ਵਲਵਲੇ ਉੱਠਣ, ਪਰ ਵੈਰ ਵਿਰੋਧ ਤੇ ਕਰੋਧ ਅਹੰਕਾਰ ਦੀ ਅੰਸ ਮਾਤ੍ਰ ਭੀ ਇਨ੍ਹਾਂ ਵਲਵਲਿਆਂ ਵਿਚ ਨਾ ਹੋਵੇ, ਤੇ ਇਹ ਵਲਵਲੇ ਤਨ, ਮਨ, ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਨਾਉਣ ਦੀ ਤਾਰ ਬਰਕੀ ਕਲਾ ਵਰਤਾ ਦੇਣ, ਤਾਂ ਜਾਣੀਐ ਕਿ ਬੀਰ ਰਸ ਵਾਲਾ ਪਰਉਪਕਾਰੀ ਜੀਵਨ ਉਤਪੰਨ ਹੋ ਗਿਆ ਹੈ। ਜਿਉਂ ਜਿਉਂ ਏਸ ਬੀਰ ਰਸ ਦੀ ਤਾਰ ਕਲਾ ਅੰਦਰ ਫਿਰਦੀ ਹੈ ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਦਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ ਬਲ ਤੋਂ ਦੁਸ਼ਟਾਂ ਸ਼ਤਰੂਆਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕਦਾ ਹੋਵੇ ਤੇ ਅੰਦਰਲੀ ਤਾਰ ਨਿਮਖ ਮਾਤ੍ਰ ਵੀ ਨਾ ਟੁੱਟੇ, ਇਹ ਬੀਰ ਰਸ ਮਾਤੇ ਪਰਉਪਕਾਰੀ ਜੋਧੇ ਦੇ ਵਾਸਤਵੀ ਲੱਛਣ ਹਨ। ਏਸ ਅਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ :—

ਸਵਯਾ—ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਾਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜਿਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥

ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ

ਪਰਉਪਕਾਰੀ ਬੀਰ ਨੂੰ ਮਰਨ ਕਾਲ ਦਾ ਤ੍ਰਾਸ ਨਹੀਂ, ਮਰ ਮਿਟਣ ਦੀ ਪਰਵਾਹ ਨਹੀਂ। ਲੱਖਾਂ ਖੂਹ-ਣੀਆਂ ਦੇ ਮੁਖ਼ਾਲਫ਼ ਲਸ਼ਕਰਾਂ ਦਾ ਭੈ ਨਹੀਂ। ਉਹ ਆਪ ਜੀਵਨ-ਮੁਕਤ ਹੈ ਤੇ ਜਿਨ੍ਹਾਂ ਨੂੰ ਤਲਵਾਰ ਦੇ ਘਾਟ ਪਾਰ ਉਤਾਰਦਾ ਹੈ, ਉਨ੍ਹਾਂ ਨੂੰ ਸ਼ਹੀਦੀ ਸ਼ਰਬਤ ਦਖਾਉਂਦਾ ਹੈ ਅਤੇ ਮੁਕਤ ਕਰਾਉਂਦਾ ਹੈ। ਓੜਕ ਆਪ ਭੀ ਸ਼ਹੀਦੀ ਮਰਤਬਾ ਪਾਉਂਦਾ ਹੈ। ਉਸ ਦੇ ਹੱਥੋਂ ਮਰਦਾ ਮਰਾਉਂਦਾ ਕੋਈ ਨਹੀਂ, ਬਲਕਿ ਹਰ ਕੋਈ ਉਸ ਦੀ ਸ੍ਰੀ ਸਾਹਿਬ ਦੀ ਭੇਟਾ ਹੋ ਕੇ ਅਮਰ ਪਦਵੀ ਪਾਉਂਦਾ ਹੈ। ਇਹੀ ਕਾਰਨ ਸੀ ਕਿ ਦੁਸ਼ਮਣ ਦੇ ਦਲ ਵਿਚੋਂ ਜਿਸ



www.AKJ.Org

ਕਿਸੇ ਨੂੰ ਭੀ ਸ੍ਰੀ ਦਸਮੇਸ਼ ਜੀ ਦਾ ਤੀਰ ਵਿੰਨ੍ਹਦਾ ਸੀ ਉਸ ਨੂੰ ਸੁਆਦ ਆ ਜਾਂਦਾ ਸੀ, ਪੀੜ ਨਹੀਂ ਸੀ ਪ੍ਰਤੀਤ ਹੁੰਦੀ, ਸਗੋਂ ਵਾਹ ਵਾਹ ਕਰਦਾ ਹੋਇਆ ਅਮਰ ਅਨੰਦੀ. ਹੋ ਜਾਂਦਾ ਸੀ, ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਖੰਡੇ ਦਾ ਸ਼ਹੀਦੀ ਰਸ ਚਖ ਕੇ ਵੈਰ ਵਿਰੋਧ ਦੀ ਅਗਨੀ ਨਾਲ ਸੜੇ ਹੋਏ ਹਿਰਦੇ ਭੀ ਸੀਤਲ ਤੇ ਸ਼ਾਂਤ ਹੋ ਜਾਂਦੇ ਸਨ।

ਸ਼ਹੀਦ ਬਾਬੇ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਉਤਰ ਗਿਆ ਹੈ, ਨਾਮ ਦਿਆਂ ਰੰਗਾਂ ਸਹਿਤ ਲਾਲੋ ਲਾਲ ਹਸਮੁੱਖੀ ਚਿਹਰੇ ਦਾ ਸ਼ਾਂਤਮਈ ਨੂਰ ਜਿਉਂ ਕਾ ਤਿਉਂ ਦਗ ਦਗ ਕਰਦਾ ਹੈ, ਸੀਸ-ਧੜ ਦੀ ਬਾਜ਼ੀ ਵਿਚ ਸੁਰਖ਼ਰੂ ਹੋ ਚੁੱਕੇ ਬਾਬੇ ਦਾ ਸੀਸ ਬਾਬੇ ਦੇ ਖੱਬੇ ਹੱਥ ਉੱਪਰ ਬਿਰਾਜਮਾਨ ਹੁੰਦਾ ਹੋਇਆ ਸ਼ਹੀਦੀ ਪਿੜ ਦੇ ਖਿਡਾਰੀਆਂ ਦੇ ਹੋਲੇ ਦਾ ਨਜ਼ਾਰਾ ਵੇਖ ਵੇਖ ਵਿਗਸ ਰਿਹਾ ਹੈ, ਅਤੇ ਸੀਸ ਤੋਂ ਸੱਖਣਾ ਧੜ ਦਹਿਣੀ ਭੁਜ-ਬਲ ਦੇ ਸਹਾਰੇ ਖੰਡਾ ਉਲਾਰ ਉਲਾਰ ਕੇ ਸੈਂਕੜਿਆਂ ਨੂੰ ਪਾਰ ਬੁਲਾ ਰਿਹਾ ਹੈ। ਨਹੀਂ, ਨਹੀਂ, ਸ਼ਹੀਦੀ ਦਾ ਸ਼ਰਬਤ ਚਖਾ ਰਿਹਾ ਹੈ ਅਤੇ ਦੂਰ ਤੱਕ ਇਹ ਬਹਾਰ ਬੱਝੀ ਤੁਰੀ ਜਾ ਰਹੀ ਹੈ, ਜਿਸ ਦਾ ਸਾਰ ਇਹ ਨਿਕਲਦਾ ਹੈ ਕਿ ਟਿੱਡੀ ਦਲ ਸ਼ੱਤਰੂ ਦੀ ਫੌਜ ਇਕ ਆਨ ਵਿਚ ਖੇਰੂੰ ਖੇਰੂੰ ਹੋ ਜਾਂਦੀ ਹੈ। ਇਸ ਬ੍ਰਿਤਾਂਤ ਦੀ ਗਵਾਹੀ ਇਤਿਹਾਸ ਦੇ ਰਿਹਾ ਹੈ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਨਾਮ ਜੁੱਗਾਂ ਪ੍ਰਯੰਤ ਦੁਨੀਆ ਉੱਪਰ ਕਾਇਮ ਰਹੇਗਾ। ਇਹ ਗੁਰੂ ਘਰ ਦੇ ਪਰਉਪਕਾਰ ਦੇ ਪੁਤਲਿਆਂ ਦੀ ਸੂਰਬੀਰਤਾ ਦਾ ਇਕੋ ਵੰਨਗੀ ਪੂਰਬਕ ਉਦਾਹਰਣ, ਬੀਰ ਰਸੀ ਪਰਉਪਕਾਰ ਦੀ ਸ਼ਾਂਤ ਕਲਾ ਵਾਲੀ ਬਿਵਸਥਾ ਬਨਾਵਣ ਲਈ ਕਾਫ਼ੀ ਤੋਂ ਭੀ ਵਧੀਕ ਹੈ। ਇਹ ਆਦਰਸ਼ ਹੈ ਬੀਰ ਰਸ ਤੇ ਸ਼ਾਂਤ ਰਸ ਸੰਯੁਕਤੀ ਗੁਰਮਤਿ ਉਪਕਾਰ ਦਾ।

ਇਸ ਤੋਂ ਸਾਫ਼ ਸਿੱਟਾ ਨਿਕਲਦਾ ਹੈ ਕਿ ਕੇਵਲ ਦੇਹੋਂ ਬਿਦੇਹ ਹੋ ਕੇ ਸੀਸ ਤਲੀ ਤੇ ਰੱਖਣ ਵਾਲੇ ਅਤੁੱਟ ਲਿਵਤਾਰ ਦੇ ਧਨੀ ਗੁਰਮੁਖ ਪਿਆਰੇ ਹੀ ਪਰਉਪਕਾਰੀ, ਬੀਰ ਰਸੀਏ, ਬਿਬੇਕੀ ਜਨ ਬਣ ਸਕਦੇ ਹਨ, ਜਿਨ੍ਹਾਂ ਦੀ ਲਿਵ ਐਨੀ ਪੱਕ ਚੁੱਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਟੁੱਟੇ ਅਤੇ ਨੂਰੀ ਮੱਥੇ ਦਾ ਖਿੜਾਉ ਤੇ ਅੰਤ੍ਰੀਵ ਸ਼ਾਂਤ ਰਸ ਜਿਉਂ ਕਾ ਤਿਉਂ ਬਣਿਆ ਰਹੇ।

ਉਹ ਕੀ ਤਾਕਤ ਹੈ, ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰਖਿਆ? ਉਹ ਕਿਹੜੀ ਸ਼ਕਤੀ ਹੈ ਕਿ ਜਿਸ ਨੇ ਦੂਲੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਨੂੰ ਦੜਾ ਦੜ ਪੈਂਦੀਆਂ ਤੋਪਾਂ ਦੇ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਸਮਾਧੀ ਵਿਚ ਇਸਥਿਤ ਬਿਠਾਈ ਰੱਖਿਆ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆਂ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰੱਖਿਆ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉੱਤੇ ਚੜ੍ਹ ਕੇ ਜਰਖੜੇ ਜਾਂਦੇ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤੱਕ ਉਚਾਰਨ ਦਾ ਫੁਰਨਾ ਨਹੀਂ ਫੁਰਨ ਦਿੱਤਾ? ਇਹ ਕੇਵਲ ਓਹੋ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ ਮੌਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਇਹ ਦੁਖ ਸੁਖ ਸਮ ਕਰ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ। ਇਹ ਆਤਮ-ਰੰਗਾਂ ਦੀ ਉੱਚੀ ਬਿਵਸਥਾ ਹੈ। ਇਹ ਸੱਚੀ ਭੈ-ਭਾਵਨੀ ਤੋਂ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗੈਰ ਸੱਚਾ ਬੀਰ ਰਸ ਤੇ ਪਰਉਪਕਾਰ ਰਤੰਨਾ ਬੀਰ ਰਸ ਬਣ ਆਉਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ। ਇਹ ਹੈ ਕਲਗੀਧਰ ਪਾਤਸ਼ਾਹ ਦੀ ਨਾਮ ਦੇ ਖੰਡੇ ਤੇ ਸਰਬ ਲੋਹੀ ਖੰਡੇ ਦੀ ਫ਼ਿਲਾਸਫ਼ੀ, ਜਿਸ ਨੂੰ ਅਹਿੰਸਾਵਾਦੀ ਬੋਧੀ ਜੈਨੀ ਆਦਿ ਸਮਝਣ ਤੋਂ ਅਸਮਰੱਥ ਹਨ।

['ਗੁਰਮਤਿ ਵੀਚਾਰ' ਪੁਸਤਕ ਵਿਚੋਂ



www.AKJ.Org

# ਦੁਨੀਆ ਦੇ ਫ਼ਿਲਾਸਫ਼ਰਾਂ ਦੀ ਪੋਜ਼ੀਸ਼ਨ

[ ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਏਹ ਖ਼ਿਆਲੀ ਫ਼ਿਲਾਸਫ਼ੀ, ਲਿਖਾਰੀ ਦੇ ਇਹਨਾਂ ਦੋਹਾਂ ਖਿਆਲਾਂ ਅੰਦਰ ਹੀ ਬੜੀ ਤਕੜੀ ਵਿਰੋਧਤਾ ਜਣਾਉਂਦੀ ਹੈ : ਇਕ ਜਗ੍ਹਾ ਤਾਂ ਇਹ ਕਹਿੰਦੇ ਹਨ ਕਿ ਸਿਮਰਨ ਕਰਨ ਨਾਲ ਪ੍ਰੀਤੀ ਉਪਜਦੀ ਹੈ ਅਤੇ ਦੂਜੀ ਜਗ੍ਹਾ ਓਹ ਲਿਖਦੇ ਹਨ ਕਿ ਪ੍ਰੀਤੀ ਦੁਆਰਾ ਹੀ ਸਿਮਰਨ ਕੀਤਾ ਜਾ ਸਕਦਾ ਹੈ। ਇਬਾਰਤ ਦੀ ਰੰਗੀਨੀ ਬੜੀ ਮਨ-ਮੋਹਨੀ ਹੈ, ਪਰ ਖ਼ਿਆਲਾਂ ਦੀ ਵਿਰੋਧਤਾ ਪ੍ਰਗਟ ਪਹਾਰੇ ਜਾਪਦੀ ਹੈ। ਦੇਖੋ ਉਪਰ ਲਿਖਦੇ ਹਨ ਕਿ 'ਸਚੀ ਪ੍ਰੀਤੀ ਤੇ ਸਿਮਰਨ ਨਾਲ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ।' ਅਗੇ ਜਾ ਕੇ ਨੇੜੇ ਹੀ ਇਉਂ ਲਿਖਦੇ ਹਨ ਕਿ : 'ਸਿਮਰਨ ਨਾਲ ਵਾਹਿਗੁਰੂ ਦਾ ਨਾਮ ਜਪਣ ਨਾਲ ਪ੍ਰਾਪਤੀ ਹੈ।' ਇਕ ਥਾਉਂ ਤਾਂ ਸਿਮਰਨ ਅਤੇ ਨਾਮ ਨੂੰ ਵਖੋ ਵੱਖ ਗੱਲਾਂ ਕਥਦੇ ਹਨ। ਅਰਥਾਤ, ਪਹਿਲੇ ਲੇਖ ਅਨੁਸਾਰ ਤਾਂ ਏਹ ਗੱਲ ਨਿਰਣੇ ਹੁੰਦੀ ਹੈ ਕਿ ਸਿਮਰਨ ਹੋਰ ਅਤੇ ਨਾਮ ਹੋਰ ਹੈ, ਦੂਜੇ ਥਾਉਂ ਦੀ ਲਿਖਤ ਏਹ ਨਿਰਣਾਉਂਦੀ ਹੈ ਕਿ ਸਿਮਰਨ ਤੇ ਨਾਮ ਦੋਈ ਇਕੋ ਚੀਜ਼ਾਂ ਹਨ। ਹੁਣ ਪਾਠਕ ਕਿਹੜੀ ਗੱਲ ਨੂੰ ਦ੍ਰਿੜ੍ਹ ਕਰੇ। ਆਪਣੀ ਉਕਤ ਫ਼ਿਲਾਸਫ਼ੀ ਦੁਆਰਾ ਜਿਹੜੀ ਗੱਲ ਦੇ ਪਿਛੇ ਪੈਂਦੇ ਹਨ ਓਸੇ ਨੂੰ ਸਾਬਤ ਕਰ ਦਿਖਾਉਂਦੇ ਹਨ। ਪਰ ਇਹ ਪਤਾ ਨਹੀਂ ਰਹਿੰਦਾ ਕਿ ਖਿਆਲਾਂ ਦੀ ਵਿਰੋਧਤਾ ਹੋ ਜਾਂਦੀ ਹੈ। ਅੰਸੂਲੀ ਹਾਨੀ ਦੀ ਪਰਵਾਹ ਨਹੀਂ, ਦਲੀਲੀ ਨੁਕਤੇ ਨੂੰ ਸਿਧ ਕਰਨ ਦੀ ਹੀ ਬਣੀ ਹੋਈ ਹੈ। ਇਸ ਦਲੀਲ-ਬਾਜ਼ੀ ਨੂੰ ਸਿਧ ਕਰਨ ਲਈ ਸਿਮਰਨ ਪਦ ਦੀ ਵਿਆਖਿਆਮਈ ਫੁਟ-ਨੋਟ ਹੇਠਾਂ ਓਹ ਫ਼ਿਲਾਸਫ਼ਰ ਅਫਲਾਤੂਨ (*Plato*) ਦੀ ਲਿਖਤ ਫ਼ਿਲਾਸਫ਼ੀ ਦਾ ਲੰਮਾ ਚੌੜਾ ਹਵਾਲਾ ਦਿੰਦੇ ਹਨ। ਮਾਨੋ ਓਹਨਾਂ ਦੇ ਭਾਣੇ ਪਲੈਟੋ (ਅਫ਼-ਲਾਤੂਨ) ਬੜਾ ਭਾਰੀ ਨਾਮ ਦਾ ਰਸੀਆ ਤੇ ਸਿਮਰਨ ਦਾ ਰਸੀਆ ਹੋ ਚੁਕਾ ਹੈ। ਹਾਲਾਂਕਿ ਉਸ (ਅਫ਼ਲਾਤੂਨ) ਨੂੰ ਨਾਮ ਸਿਮਰਨ ਦੀ ਅਜੇ ਸੂੰਧਕ ਭੀ ਨਹੀਂ ਸੀ ਲੱਗੀ। ਓਹ ਨਿਰਾ ਦਿਮਾਗੀ ਫ਼ਿਲਾਸਫ਼ਰ (*Intellectul Philosopher*) ਸੀ। ਭਾਉ ਭਗਤੀ ਅਤੇ ਨਾਮ ਸਿਮਰਨ ਦੀ ਰੂਹਾਨੀ ਖੇਡ ਦਾ ਉਸ ਨੂੰ ਥਹੁ ਪਤਾ ਹੀ ਨਹੀਂ ਸੀ। ਅਕਲੀ ਦਲੀਲ-ਬਾਜ਼ੀ ਦੀਆਂ ਉਡਾਰੀਆਂ ਭਾਵੇਂ ਉਸ ਦੀਆਂ ਕਿੰਨੀਆਂ ਹੀ ਉਚੀਆਂ ਹੋਣ, ਪਰ ਉਸ ਨੂੰ ਸਿਮਰਨ ਦੀ ਖੇਡ ਦਾ ਮਾਹਰ ਦੱਸ ਕੇ ਪ੍ਰਮਾਣ ਵਜੋਂ ਪੇਸ਼ ਕਰਨਾ ਏਹ ਸਿਧ ਕਰਦਾ ਹੈ ਕਿ ਲਿਖਾਰੀ ਜੀ ਨੂੰ ਖ਼ੁਦ ਵੀ ਨਾਮ ਸਿਮਰਨ ਦੀ ਮਾਹੀਅਤ ਦੇ ਤੱਤ ਗੁਰਮਤਿ ਗਿਆਨ ਦਾ ਥਹੁ ਪਤਾ ਨਹੀਂ। ਓਹ ਸ਼ੈਕਸਪੀਅਰ ਆਦਿਕ ਕਵੀਸ਼ਰਾਂ ਅਤੇ ਅਰੱਸਤੂ, ਅਫ਼ਲਾਤੂਨ ਅਤੇ ਲੁਕਮਾਨ ਆਦਿਕ ਯੂਨਾਨੀ ਹਕੀਮਾਂ ਨੂੰ ਪਹੁੰਚੇ ਹੋਏ ਪੁਰਸ਼ ਆਪਣੇ ਲੇਖਾਂ ਅੰਦਰ ਲਿਖਦੇ ਹਨ।

ਐਸੇ ਹਕੀਮ ਫ਼ਿਲਾਸਫ਼ਰਾਂ ਅਤੇ ਉਨ੍ਹਾਂ ਦੀ ਫ਼ਿਲਾਸਫ਼ੀ ਪ੍ਰਥਾਇ ਇਹ ਅਗਲੇਰਾ ਗੁਰਵਾਕ ਘਟਦਾ ਹੈ :

ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥ ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥
ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ਰਹਾਉ॥
ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨਿ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥ ਆਪਿ ਨ ਬੂਝੈ ਲੋਕ ਬੁਝਾਵੈ ॥
ਮਨ ਕਾ ਅੰਧਾ ਅੰਧੁ ਕਮਾਵੈ ॥ ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥
ਹਰਿ ਜੀਉ ਸੇਵੀਐ ਅੰਤਰਜਾਮੀ ॥ ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥
ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥ ਸਾਚਾ ਨਾਮੁ ਸਾਚੈ ਸਬਦਿ ਜਾਨੈ ॥
ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥ ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥
ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ ਅਉਗਣ ਕਾਟਿ ਪਾਪਾ ਮਤਿ ਖਾਈ ॥



www.AKJ.Org

ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥ ਸਤਿਗੁਰਿ ਮਿਲਿਐ ਵਡੀ ਵਡਿਆਈ ॥
ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥ ਨਾਮਿ ਰਤੇ ਸਦਾ ਸੁਖੁ ਪਾਈ ॥੭॥
ਗੁਰਮਤਿ ਮਾਨਿਆ ਕਰਣੀ ਸਾਰੁ ॥ ਗੁਰਮਤਿ ਮਾਨਿਆ ਮੋਖ ਦੁਆਰੁ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥

[ਬਿਲਾਵਲੁ ਮ: ੩ ਅਸਟਪਦੀ, ਪੰਨਾ ੮੩੨-੩੩]

ਇਸ ਦੀ ਵਿਆਖਿਆ : ਗੁਰੂ ਦੀ ਮਤਿ ਗਹੇ ਬਾਝੋਂ, ਸੱਚੇ ਸਤਿਗੁਰੂ ਧੁਰੋਂ ਪਠਾਏ ਸਤਿਗੁਰੂ ਦੀ ਗੁਰਮੰਤ੍ਰ ਰੂਪੀ ਗੁਰ-ਦੀਖਿਆ ਤੋਂ ਦੀਖਤ ਹੋਏ ਬਾਝੋਂ ਕਿਸੇ ਨੂੰ ਗੁਰਮਤਿ ਗਿਆਨ ਗੁਰਮਤਿ ਨਾਮ ਦੀ ਸੂਝ ਬੂਝ ਨਹੀਂ ਹੋ ਸਕਦੀ। ਗੁਰਮਤਿ ਨਾਮੁ ਰੂਪੀ ਗੁਰ ਗਿਆਨ ਦੀ ਅਭਿਆਸ ਕਮਾਈ ਦੀ ਅੰਮ੍ਰਿਤ ਕਲਾ ਵਰਤੇ ਬਾਝੋਂ ਆਤਮ-ਪਰਮਾਤਮ ਮੰਡਲਾਂ ਦੀ ਗੰਮਤਾ ਕਿਸੇ ਨੂੰ ਨਹੀਂ ਹੋ ਸਕਦੀ, ਆਤਮ-ਗਿਆਨ ਹੀ ਨਹੀਂ ਹੋ ਸਕਦਾ। ਆਪੋਂ ਚਾਹੇ ਕੋਈ ਕਿਤਨਾ ਹੀ ਅਕਲਈਆ ਕਿਉਂ ਨਾ ਹੋਵੇ, ਓਹ ਅ-ਕਲ ਕਲਾ ਦਾ ਜਾਣੂ ਨਹੀਂ ਹੋ ਸਕਦਾ। ਆਪਣੇ ਦਿਮਾਗ ਤੋਂ ਉਪਜੇ ਦਿਮਾਗੀ ਮਸਲਿਆਂ ਦੁਆਰਾ ਉਸ ਨੂੰ ਇਲਮ-ਇਲਾਹੀ ਦੀ ਮਾਹੀਅਤ ਨਹੀਂ ਹੋ ਸਕਦੀ। ਸਤਿਗੁਰ-ਗਿਆਨ-ਗੰਮਤਾ ਬਿਹੂਣ ਸਭ ਜਗਤ ਪਰਮਾਰਥ ਦੇ ਪਾਸਿਓਂ ਅੰਨ੍ਹਾਂ ਬੋਲਾ ਹੈ। ਐਵੇਂ ਅਰਲ ਬਰਲ ਮੂੰਹੋਂ ਕਹਿੰਦਾ ਫਿਰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ :

'ਜਗੁ ਕਊਆ ਮੁਖਿ ਚੁੰਚ ਗਿਆਨੁ ॥'

ਇਹ ਸਾਰੇ, ਜਗਤ ਦੇ ਦਿਮਾਗੀ ਫ਼ਿਲਾਸਫ਼ਰ ਸਭ ਕਊਆਂ ਕਾਵਾਂ ਦੀ ਨਿਆਈਂ ਹਨ ਅਤੇ ਉਹਨਾਂ ਦੇ ਬਾਦ ਬਫ਼ਾਈ ਅਕਲੀ ਢਕੌਂਸਲੇ ਅਤੇ ਫ਼ਿਲਾਸਫ਼ੀ ਦੇ ਦਿਮਾਗੀ ਮਸਲੇ ਸਭ ਕਾਵਾਂ ਵਾਂਗੂ ਕਾਂਇ ਕਾਂਇ ਕਰਨ ਵਾਲੀਆਂ ਫੋਕਟ ਕਥਨੀਆਂ ਮਈ ਚੁੰਚ ਗਿਆਨ ਹਨ।

'ਅੰਤਰਿ ਲੋਭੁ ਝੂਠੁ ਅਭਿਮਾਨੁ ॥'

ਐਸੇ ਚੁੰਚ ਗਿਆਨੀ ਲੋਗਾਂ ਦੇ ਰਿਦੇ ਅੰਤਰਿ ਲੋਭ, ਝੂਠ ਅਤੇ ਅਭਿਮਾਨ ਹੁੰਦਾ ਹੈ। ਜੇ ਤਿੰਨੇ ਨਹੀਂ ਤਾਂ ਇਹਨਾਂ ਵਿਚੋਂ ਇਕ ਜ਼ਰੂਰ ਹੁੰਦਾ ਹੈ। ਯਾ ਤਾਂ ਲੋਭ ਦੇ ਮਾਰੇ ਕਿਸੀ ਦੁਨਿਆਵੀ ਲਾਲਸਾ ਲਈ ਉਹ ਚੁੰਚ ਗਿਆਨ ਕਰਦੇ ਹਨ ਯਾ ਉਹਨਾਂ ਨੂੰ ਸੱਚ ਦੇ ਥਾਉਂ ਝੂਠ ਦ੍ਰਿੜ੍ਹ ਹੋਇਆ ਹੁੰਦਾ ਹੈ ਅਤੇ ਇਸ ਝੂਠ ਦੇ ਗ੍ਰਸੇ ਹੋਏ ਉਹ ਚੁੰਚ ਗਿਆਨ ਚੁੰਚਦੇ ਹਨ। ਅਸਲ ਗੱਲ ਵਾਸਤਵੀ ਗੱਲ ਤਾਂ ਇਹ ਹੈ ਕਿ : 'ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥'* ਗੁਰਵਾਕ ਦੇ ਭਾਵ ਅਨੁਸਾਰ ਨਾਮ ਤੋਂ ਬਿਨਾਂ ਜਿਤਨੀਆਂ ਭੀ ਕਥਨੀਆਂ ਬਦਨੀਆਂ ਹਨ, ਸਭ ਕੂੜੀਆਂ ਝੂਠੀਆਂ ਅਤੇ ਹੋਛੀਆਂ ਗੱਲਾਂ ਹਨ। ਇਨ੍ਹਾਂ ਹੋਛੀਆਂ ਗੱਲਾਂ ਦੇ ਹੰਕਾਰ ਪ੍ਰਾਇਣ ਹੋ ਕੇ ਉਹ ਮਤਸਰੀ ਚੁੰਚ ਗਿਆਨੀਏ ਬਣਦੇ ਹਨ। ਤਾਂ ਤੇ ਉਹਨਾਂ ਦੇ ਅੰਤਰ ਅਭਿਮਾਨ ਹੀ ਅਭਿਮਾਨ ਹੁੰਦਾ ਹੈ। ਨਾਮ ਦਾ ਨਿਸ਼ਾਨ (ਨਮੂਦ) ਭੀ ਨਹੀਂ ਹੁੰਦਾ। ਆਤਮ-ਗਿਆਨ ਦੇ ਅਕਲੀ ਢਕੌਂਸਲਿਆਂ ਨੂੰ ਨਾਮ ਆਖਣਾ ਗ਼ਲਤ-ਫ਼ਹਿਮੀ ਹੈ। ਐਸੇ ਅਕਲੀ ਢਕੌਂਸਲੇ ਘੜਨਹਾਰਿਆਂ ਦਾ—

'ਬਿਨੁ ਨਾਵੈ ਪਾਜੁ ਲਹਗੁ ਨਿਦਾਨ ॥੧॥'

ਵਾਲੇ ਗੁਰਵਾਕ ਦੇ ਭਾਵ ਅਨੁਸਾਰ ਨਾਮ ਹੀਣ ਹੋਣ ਕਰ ਕੇ ਓੜਕ ਇਕ ਦਿਨ ਪਾਜ ਲਹਿ ਜਾਵੇਗਾ। ਅਤੇ

'ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥'

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਸਤਿਗੁਰੂ ਦੇ ਸੇਵਕਾਂ ਸਿੱਖਾਂ ਨੂੰ ਹੀ ਨਾਮ-ਵਥ ਦੀ ਪ੍ਰਾਪਤੀ ਹੁੰਦੀ ਹੈ ਅਤੇ 'ਗੁਰ ਕੀ ਸੇਵਾ ਗੁਰ ਭਗਤਿ ਹੈ'† ਰੂਪੀ ਗੁਰਵਾਕ ਦੇ ਭਾਵ ਅਨੁਸਾਰ ਗੁਰ-ਭਗਤੀ ਅਰਥਾਤ ਸੱਚੀ ਨਾਮ ਅਭਿਆਸ ਕਮਾਈ ਹੀ ਗੁਰੂ ਕੀ ਸੱਚੀ ਸੇਵਾ ਹੈ। ਤਾਂ ਤੇ ਸਤਿਗੁਰੂ ਦਾ ਸਿੱਖ ਬਣ ਕੇ ਗੁਰਮੰਤ੍ਰ ਰੂਪੀ ਗੁਰ-ਦੀਖਿਆ ਲੈ ਕੇ ਹੀ

* ਸੂਹੀ ਮ: ੫, ਪੰਨਾ ੭੬੧ † ਸਿਰੀਰਾਗ ਮ: ੩, ਪੰਨਾ ੬੬


www.AKJ.Org

ਗੁਰਮੰਤ੍ਰ ਰੂਪੀ ਅਭਿਆਸ ਹਿਰਦੇ ਅੰਦਰ ਦ੍ਰਿੜ੍ਹ ਹੁੰਦਾ ਹੈ ਅਤੇ ਇਸ ਬਿਧਿ ਨਾਮ ਦੇ ਰਿਦੰਤਰਿ ਦ੍ਰਿੜ੍ਹ ਹੋਣ ਕਰਿ ਹੀ ਸੱਚੀ ਨਾਮ ਅਭਿਆਸ ਕਮਾਈ ਹੋਇ ਆਂਵਦੀ ਹੈ ਅਤੇ ਇਸ ਨਾਮ ਅਭਿਆਸ ਕਮਾਈ ਕਰਿ ਨਾਮ ਹੋਰ ਵੀ ਅਨੰਤ ਕਲਾ ਕਰਿ ਹਿਰਦੇ ਅੰਦਰ ਵਸਦਾ ਹੈ ਅਤੇ ਵਸ ਰਸ ਕੇ ਅਨਿਕ ਤਰੰਗਾਂ ਕਰਿ ਫਲਦਾ ਫੁਲਦਾ, ਅਤੇ ਮੌਲਦਾ ਹੈ। ਸਤਿਗੁਰ ਦਾ ਸਿੱਖ ਬਣਨ ਤੋਂ ਮਨ ਅਤੇ ਚਿਤ ਵਿਖੇ ਨਾਮ ਵਸਦਾ ਹੈ। ਰਹਾਉ ਤੋਂ ਪਹਿਲੀ ਤੁਕ ਇਸ ਗੱਲ ਦੀ ਹੋਰ ਪ੍ਰੋੜ੍ਹਤਾ ਕਰਦੀ ਹੈ :

'ਗੁਰ ਭੇਟੈ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ਰਹਾਉ॥'

ਜਦ ਗੁਰੂ ਨੂੰ ਗੁਰਮਤਿ ਮਰਯਾਦਾ ਅਨੁਸਾਰ ਭੇਟਿਆ (ਧਾਰਨ ਕੀਤਾ) ਜਾਂਦਾ ਹੈ ਤਾਂ ਸਗੁਰੇ (ਗੁਰਸਿਖ) ਪੁਰਸ਼ ਨੂੰ ਗੁਰੂ ਆਪਣੀ ਗੁਰਮੰਤ੍ਰ ਰੂਪੀ ਗੁਰ-ਦੀਖਿਆ ਦੇ ਕੇ ਨਾਮ ਚੇਤਾਵੰਦਾ ਹੈ। ਨਿਗੁਰੇ ਨਿਗੋਸਾਏ ਪੁਰਸ਼ ਨੂੰ ਨਾਮ ਕਦੇ ਪ੍ਰਾਪਤ ਨਹੀਂ ਹੋ ਸਕਦਾ ਅਤੇ ਨਾਮ ਬਿਨਾਂ ਹੋਰ ਜਿਤਨੀਆਂ ਭੀ ਆਲੂਦ-ਖਿਆਲੀਆਂ ਅਤੇ ਕਚ-ਕਥਨੀਆਂ ਹਨ, ਸਭ ਕੂੜ ਕੁਸੱਤ ਦੇ ਕੁਚਸਕੇ (ਝੂਠ ਪ੍ਰੀਤਾਂ) ਹਨ। ਸਤਿਗੁਰ ਨੂੰ ਭੇਟ ਕੇ ਅਤੇ ਸਤਿਗੁਰ ਦਾ ਸਿੱਖ ਬਣ ਕੇ ਫੇਰ ਜੋ ਹੁਕਮ ਗੁਰੂ ਸਤਿਗੁਰੂ ਆਪਣੀ ਗੁਰ-ਦੀਖਿਆ ਦੁਆਰਾ ਦਿੰਦੇ ਹਨ, ਉਸ ਅਨੁਸਾਰ ਗੁਰ ਸਬਦੁ ਚੀਨ ਹੁੰਦਾ ਹੈ ਅਤੇ ਉਸ ਹੁਕਮਨ ਸਿਰ ਹੁਕਮ ਅਨੁਸਾਰ ਕਾਰ ਕਮਾਵਣੀ ਕੀ ਹੈ ? ਨਾਮ ਜਪਣਾ ਹੈ। ਸੋ ਸਤਿਗੁਰੂ ਦਾ ਹੁਕਮ ਮੰਨਦੇ ਹੋਏ ਨਾਮ ਦ੍ਰਿੜ੍ਹ ਕਰ ਕੇ, ਨਾਮ ਅਭਿਆਸ ਕਮਾਈ ਕਰ ਕੇ ਹੀ ਸਹਜ ਅਵਸਥਾ ਦੇ ਘਰ ਵਾਲੇ ਪਰਮ ਪਦ ਦੀ ਗੰਮਤਾ ਹੁੰਦੀ ਹੈ ਅਤੇ ਇਸ ਬਿਧ ਸਚੇ ਨਾਮ ਦੀ ਬਰਕਤ ਕਰਕੇ ਹੀ ਇਸ ਪਦ ਪੁਜਣ ਵਾਲੀ ਸੱਚੀ ਵਡਿਆਈ ਪਾਈਦੀ ਹੈ। ਜੈਸਾ ਕਿ ਏਸੇ ਵਾਕ ਦੀਆਂ ਏਹਨਾਂ ਅਗਲੇਰੀਆਂ ਤੁਕਾਂ ਤੋਂ ਸਿਧ ਹੁੰਦਾ ਹੈ :

ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨਿ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥

ਗੁਰ-ਦੀਖਿਆ ਦੀ ਉਪਰ ਨਿਰਣਾਈ ਕਾਰ ਕਮਾਈ ਦੇ ਕਮਾਏ ਬਿਹੂਣ ਜੋ ਆਪੇ ਹੀ ਬੂਝ ਬੁਝੱਕੜ ਗਿਆਨੀ ਬਣਿ ਬਣਿ ਬਹਿੰਦੇ ਹਨ, ਉਹਨਾਂ ਪ੍ਰਤਿ ਹੀ ਅਗਲੇਰੀਆਂ ਗੁਰਵਾਕ ਦੇ ਤੀਜੇ ਅੰਕ ਵਾਲੀਆਂ ਤ੍ਰੈ-ਤੁਕੀ ਪੰਗਤੀਆਂ ਘਟਦੀਆਂ ਹਨ :

ਆਪੁ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥

ਆਪੋਂ ਉਪੰਨੀ ਅਲਪੱਗ ਮੱਤ ਦੁਆਰਾ ਕੋਈ ਪ੍ਰਾਣੀ ਤੱਤ ਪਰਮਾਰਥ ਨੂੰ ਬੂਝ ਨਹੀਂ ਸਕਦਾ। ਬੜੀ ਹਾਸੀ ਵਾਲੀ ਗੱਲ ਤਾਂ ਇਹ ਹੈ ਕਿ ਆਪਣੇ ਆਪ ਤਾਂ ਓਹ ਤੱਤ ਪਰਮਾਰਥ ਦੀ ਸੂਝ ਬੂਝ ਨਹੀਂ ਰਖਦਾ, ਲੋਕਾਂ ਨੂੰ ਬੁਝਾਉਂਦਾ ਹੈ। ਜੋ ਮਨੋਂ ਅੰਧਾ ਹੈ, ਉਸ ਦੀ ਕਮਾਈ ਭੀ ਅੰਧ ਧੁੰਦ ਹੈ, ਉਸ ਦੇ ਕੰਮ ਭੀ ਅੰਧ ਹਨ ਅਤੇ ਉਸਦਾ ਵਰਤਾਰਾ ਭੀ ਅੰਧ ਵਰਤਾਰਾ ਹੈ, ਉਹ 'ਦਰੁ ਘਰੁ ਮਹਲੁ ਠਉਰੁ' ਕੈਸੇ ਪਾ ਸਕਦਾ ਹੈ। ਐਸੇ ਅੰਧ ਧੁੰਧ ਪਾਖੰਡ ਵਰਤਾਰੇ ਵਾਲੇ ਅੰਧ ਵਿਸ਼ਵਾਸ ਦੁਆਰਾ ਉਸ ਅੰਤਰਯਾਮੀ ਪਰਮਾਤਮਾ ਨੂੰ ਨਹੀਂ ਪਾ ਸਕੀਦਾ। ਕੇਵਲ ਸੇਵਾ ਭਗਤੀ ਰੂਪੀ ਨਾਮ ਅਭਿਆਸ ਕਮਾਈ ਦੁਆਰਾ ਹੀ ਪਾਈਦਾ ਹੈ, ਜਿਸ ਪ੍ਰਭੂ ਅੰਤਰਯਾਮੀ ਦੀ ਜਾਗਤ ਜੋਤਿ ਸਗਲਿਆਂ ਘਟਾਂ ਅੰਤਰਿ ਸਮਾ ਰਹੀ ਹੈ, ਉਸ ਨਾਲ ਲੁਕਾਇ ਛੁਪਾਇ ਮਈ ਦੁਰਾਚਾਰੀ ਵਾਲਾ ਪਾਖੰਡ ਨਹੀਂ ਚਲ ਪੁਗ ਸਕਦਾ। ਗੱਲੀਂ ਬਾਤੀਂ ਉਸ ਦੀ, ਉਸ ਦੇ ਨਾਮ ਦੀ ਗਤਿ ਮਿਤ ਜਾਨਣ ਦੀ ਕੋਈ ਡੀਂਗ ਨਹੀਂ ਮਾਰ ਸਕਦਾ। ਬਲਕਿ :

ਸਾਚਾ ਨਾਮੁ ਸਾਚੈ ਸਬਦਿ ਜਾਨੈ ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥
ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥

ਸੱਚੇ ਨਾਮ ਦੀ ਗਤਿ ਮਿਤ ਸੱਚੇ ਗੁਰ-ਸ਼ਬਦ ਗੁਰਮੰਤ੍ਰ ਮਿਲਣ ਪਰ ਹੀ ਜਾਣੀ ਜਾ ਸਕਦੀ ਹੈ। ਸੱਚੇ


www.AKJ.Org

ਨਾਮ ਦੀ ਗੁਰਮਤਿ ਕਮਾਈ ਦੁਆਰਾ ਨਾਮੀ ਅਕਾਲ ਪੁਰਖ ਆਪਣੇ ਆਪ ਆ ਮਿਲਦਾ ਹੈ ਅਤੇ ਇਸ ਬਿਧ ਨਾਮ ਦਾ ਹੀ ਰੂਪ ਹੋ ਜਾਣ ਪਰ 'ਤੂੰ ਤੂੰ ਕਰਤਾ ਤੂੰ' ਹੋ ਜਾਣ ਪਰ ਹੀ ਮਾਨ ਅਭਿਮਾਨ ਵਾਲੀ ਮਤਸਰ ਵਿਚਹੁ ਚੁਕਾਈਦੀ ਹੈ। ਗੁਰ-ਦੀਖਤ ਨਾਮ ਨੂੰ ਸਦਾ ਸਦਾ ਖਿਨ ਖਿਨ ਜਪਣ ਅਤੇ ਜਪਦੇ ਰਹਿਣ ਦਾ ਇਹ ਪਾਰਸ ਕਲਾ ਪਰਭੂਤੀ ਫਲ ਹੈ। ਇਹ ਉਪਰਲੇ ਗੁਰ ਪ੍ਰਮਾਣ ਦੇ ਚੌਥੇ ਪੰਜਵੇਂ ਅੰਕ ਦਾ ਅਨੁਵਾਦ ਹੈ। ਇਸ ਬਿਧ ਗੁਰ-ਦੀਖਤ ਨਾਮ ਸੁਆਸਿ ਸੁਆਸਿ ਨਿਮਖ ਨਿਮਖ ਜਪਣਾ ਹੀ ਸਤਿਗੁਰ ਦੀ ਸੱਚੀ ਸੇਵਾ ਹੈ ਅਤੇ ਸੱਚੀ ਗੁਰਮਤਿ ਹੈ ਅਤੇ ਇਸ ਬਿਧ ਹਰ ਛਿਨ ਗੁਰ-ਦੀਖਤ ਨਾਮ-ਗੁਰਮੰਤ੍ਰ ਨੂੰ ਜਪਣ ਰੂਪੀ ਸਤਿਗੁਰ ਸੇਵਾ ਮਈ ਸਚੀ ਗੁਰਮਤਿ ਗ੍ਰਹਿਣ ਕਰਨ ਕਰ ਹੀ ਦੂਜੀ ਦੁਰਮਤਿ ਮਤ ਦਾ ਬਿਨਾਸ ਹੁੰਦਾ ਹੈ।

ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥

ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਤਿਗੁਰ ਸੇਵਾ ਦੀ ਪਾਰਸ ਭੂਤੀ ਅੰਮ੍ਰਿਤ ਮੰਤ੍ਰਾਇਣੀ ਕਲਾ ਦੁਆਰਾ ਦੂਜੇ ਭਾਵ ਦੀ ਦੁਰਮਤਿ ਬੁਧੀ ਦਾ ਬਿਨਾਸ ਸੁਖੈਨ ਹੀ ਹੋ ਜਾਂਦਾ ਹੈ ਅਤੇ ਦੁਰਮਤਿ ਤੋਂ ਉਪਜੇ ਸਭ ਅਵਗੁਣ ਕਟੇ ਜਾਂਦੇ ਹਨ ਅਤੇ ਇਸ ਬਿਧ ਪਾਪਾਂ ਵਾਲੀ ਦੁਰਮਤਿ ਮਤਿ ਖੈ ਹੋ ਜਾਂਦੀ ਹੈ ਅਤੇ ਸਰਬੋਤਮ ਸ੍ਰੇਸ਼ਟ ਸਿੱਟਾ ਗੁਰਮਤਿ ਨਾਮ ਅਭਿਆਸ ਕਮਾਈ ਦਾ ਇਹ ਨਿਕਲਦਾ ਹੈ ਕਿ ਨਾਮ ਅਭਿਆਸੀ ਦੀ ਕਾਇਆਂ ਕੰਚਨ-ਵੰਨੀ ਤੇ ਜੋਤਿ-ਜਗੰਨੀ ਹੋ ਜਾਂਦੀ ਹੈ ਅਤੇ ਗੁਰਮਤਿ ਨਾਮ ਅਭਿਆਸ ਕਮਾਈ ਕਰਨਹਾਰੇ ਦਾ ਓੜਕ ਜੋਤੀ ਜੋਤਿ ਸਮਾਵਣਾ ਹੋ ਜਾਂਦਾ ਹੈ।

ਸਤਿਗੁਰਿ ਮਿਲਿਐ ਵਡੀ ਵਡਿਆਈ ॥ ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥
ਨਾਮਿ ਰਤੇ ਸਦਾ ਸੁਖੁ ਪਾਈ ॥੭॥

ਐਸੇ ਸਤਿਗੁਰ ਨੂੰ ਮਿਲਣ ਕਰਿ ਗੁਰਸਿਖ ਸਤਿਗੁਰ ਮਿਲਣਹਾਰੇ ਦੀ ਵਡੀ ਵਡਿਆਈ ਹੁੰਦੀ ਹੈ। ਜੋ ਗੁਰਸਿਖ ਦੇ ਹਿਰਦੇ ਅੰਦਰ ਨਾਮ ਨੂੰ ਵਸਾ ਕੇ ਉਸ ਦੇ ਸਭ ਦੁਖ ਕਟ ਦਿੰਦਾ ਹੈ ਅਤੇ ਗੁਰ ਪ੍ਰਸਾਦਿ ਹਿਰਦੇ ਨਾਮ ਦਾ ਨਿਵਾਸ ਅਤੇ ਨਾਮ-ਰੰਗਾਂ ਵਿਚ ਰਤੇ ਜਾਣ ਕਰਿ ਨਾ-ਸਿਰਫ ਦੁਖਾਂ ਦਾ ਬਿਨਾਸ ਹੀ ਹੁੰਦਾ ਹੈ ਬਲਕਿ ਅਬਿਨਾਸ਼ੀ ਸੁਖ ਦੀ ਪ੍ਰਾਪਤੀ ਹੁੰਦੀ ਹੈ। ਤਾਂ ਤੇ :

ਗੁਰਮਤਿ ਮਾਨਿਆ ਕਰਣੀ ਸਾਰੁ ॥ ਗੁਰਮਤਿ ਮਾਨਿਆ ਮੋਖ ਦੁਆਰੁ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥

ਗੁਰਮਤਿ ਧਰਮ ਧਾਰਨ ਕਰਿ ਹੀ "ਸੁਕ੍ਰਿਤ ਕਰਣੀ ਸਾਰੁ ਜਪੁ ਮਾਲੀ"* ਵਾਲੀ ਪੂਰਨ ਘਾਲ ਥਾਇ ਪੈਂਦੀ ਹੈ ਅਤੇ ਗੁਰਮਤਿ ਮਤਿ ਧਾਰਨ ਕੀਤੇ ਹੀ ਮੋਖ ਦੁਆਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰਮਤਿ ਧਰਮ ਦਾ ਪੂਰਨ ਧਾਰਨੀ ਹੋਣ ਕਰ ਪਰਵਾਰੈ ਸਾਧਾਰ ਵਾਲੀ ਪ੍ਰਨੀਤ ਪਦਵੀ ਪ੍ਰਾਪਤ ਹੁੰਦੀ ਹੈ। ਐਸੀ ਸਰਧਾ ਭਾਵਨੀ ਜਿਨ੍ਹਾਂ ਦੀ ਗੁਰਮਤਿ ਉਪਰ ਆਈ ਹੈ, ਉਹ ਡਾਂਵਾਂ ਡੋਲ ਹੋਏ ਇਤਰ ਮਤਾਂ ਵਾਲੇ ਮਨਮਤੀਆਂ ਦੀਆਂ ਕੁਛਤ ਕਛੋਤ ਕਰਣੀਆਂ ਵਾਲੀਆਂ ਕਪੋਲ ਕਥਨੀਆਂ ਉਪਰ ਕਦੇ ਨਹੀਂ ਰੀਝਦੇ। ਉਹ ਤਾਂ ਕੇਵਲ ਗੁਰਮਤਿ ਦ੍ਰਿੜ੍ਹਾਏ, ਗੁਰਮਤਿ ਦਰਸਾਏ ਨਾਮ ਨੂੰ ਹੀ ਮੁਕਤ-ਦਾਤਾ, ਗੁਰਮਤਿ ਨਾਮ ਨੂੰ ਅੰਮ੍ਰਿਤ-ਰਸਾਇਣੀ-ਪਾਰਸ-ਅਕਸੀਰ ਮਨ, ਬਚ, ਕਰਮ ਕਰਕੇ ਨਿਸਚਿਤ ਕਰਦੇ ਹਨ। ਅਸਾਡੇ ਅੰਮ੍ਰਿਤ ਰੀਝਾਇਣੀ ਰਸਾਇਣੀ ਜੀ ਖਾਸ ਨਾਮ ਗੁਰਮੰਤਰ ਨੂੰ ਅੰਮ੍ਰਿਤ ਕਲਾ ਸੰਪੰਨ ਨਹੀਂ ਮੰਨਦੇ। ਖਿਆਲ ਅਤੇ ਪ੍ਰੀਤ ਦੀ ਉਕਤੀ ਜੁਗਤੀ ਕਰਿ ਅਰਥਾਤ ਮਨ-ਉਕਤ ਜੁਗਤੀ ਕਰਿ ਮਨ-ਮੰਨਿਆ ਨਾਮ (ਗੁਰਮਤਿ ਨਾਮ ਨਹੀਂ) ਅਨੁਮਾਨਣ ਕਰਿ ਉਹਨਾਂ ਦੇ ਅਭਿਪਰੇ ਅਨੁਸਾਰ ਉਹਨਾਂ ਦੀ ਮਨ-ਮੰਨੀ ਅੰਮ੍ਰਿਤ ਕਲਾ ਤੋਂ ਉਹ ਉੱਕੇ ਅਨਜਾਣ ਹਨ।

['ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ ਵਿਚੋਂ

---

* ਭੈਰਉ ਮ: ੪, ਪੰਨਾ ੧੧੩੪

'ਸੂਰਾ' ਅੰਮ੍ਰਿਤਸਰ, ਮਾਰਚ ੧੯੯੪



www.AKJ.Org

# ਪੰਚ ਪਰਵਾਣ ਪੰਚ ਪਰਧਾਨੁ

[ਭਾਈ ਮਨਮੋਹਨ ਸਿੰਘ ਜੀ, ਅਮਰੀਕਾ]

ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਮਹਾਂਵਾਕ—"ਪੰਚ ਪਰਵਾਣ ਪੰਚ ਪਰਧਾਨੁ"—ਸਿਖ ਧਰਮ ਦੇ ਇਕ ਮੁਢਲੇ ਅਸੂਲ ਨੂੰ ਨਿਰੂਪਣ ਕਰਦਾ ਹੈ। ਗੁਰਬਾਣੀ ਇਹ ਸਪੱਸ਼ਟ ਤੌਰ ਤੇ ਦਸਦੀ ਹੈ ਕਿ ਪੂਰਾ ਸਤਿਗੁਰੂ ਕੇਵਲ ਗੁਰੂ ਨਾਨਕ ਹੀ ਹੈ, ਜੋ ਧੁਰ ਦਰਗਾਹੋਂ ਅਕਾਲ ਪੁਰਖ ਤੋਂ ਸੱਚੇ ਗੁਰੂ ਦੀ ਪਦਵੀ ਪ੍ਰਾਪਤ ਕਰ ਕੇ ਆਏ ਹਨ। "ਕਲਿਜੁਗੁ ਉਧਾਰਿਆ ਗੁਰਦੇਵ"* ਦੇ ਮਹਾਂ ਵਾਕ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਸਾਰੀ ਸ੍ਰਿਸ਼ਟੀ ਦਾ ਕਲਜੁਗ ਵਿਖੇ ਉਧਾਰ ਕਰਨਾ ਹੈ। ਰਸਾਤਲ ਵਲ ਜਾ ਰਹੀ ਸਾਰੀ ਲੋਕਾਈ ਦਾ ਉਧਾਰ ਇਕ ਸਰੀਰਕ ਜਾਮੇ ਵਿਚ ਨਹੀਂ ਹੋ ਸਕਦਾ। ਪੰਜਾਂ ਤੱਤਾਂ ਦੇ ਸਰੀਰ-ਭਾਂਡੇ ਦੀ ਉਮਰ ਅਟੱਲ ਕਾਨੂੰਨੇ ਕੁਦਰਤਿ ਅਨੁਸਾਰ ਗਿਣੀ ਮਿਥੀ ਹੈ, ਇਸ ਲਈ ਇਸ ਮਹਾਨ ਕਾਰਜ ਨੂੰ, ਅਕਾਲ ਪੁਰਖ ਵਲੋਂ ਸੌਂਪੀ ਜ਼ਿੰਮੇਦਾਰੀ ਨੂੰ ਨਿਬਾਹੁਣ ਲਈ ਆਪ ਜੀ ਨੇ ਦੱਸ ਜਾਮੇ ਧਾਰਨ ਕਰਕੇ ਗੁਰਸਿੱਖੀ ਨੂੰ ਪੱਕੇ ਪੈਰਾਂ ਤੇ ਖੜਾ ਕੀਤਾ। ਅੰਤ ਵਿਚ ਉਹੀ ਗੁਰੂ-ਜੋਤਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵੇਸ਼ ਹੋ ਗਈ। ਉਨ੍ਹਾਂ ਦੇ ਤਾਬਿਆ ਸਰੀਰਕ ਜੁਗਤਿ ਵਰਤਾਉਣ ਦੀ ਸੇਵਾ ਪੰਚ ਪਰਵਾਣ ਸਿੱਖਾਂ ਨੂੰ ਪੰਚ ਪਰਧਾਨ ਦੀ ਪਦਵੀ ਦੇ ਕੇ ਸੌਂਪੀ ਗਈ।

ਅਸਲ ਵਿਚ ਪੰਚ-ਪਰਧਾਨੀ ਪ੍ਰਥਾ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਸਰੀਰਕ ਜਾਮੇ ਵਿਚ ਆਪ ਹੀ ਅਰੰਭ ਕਰ ਦਿਤੀ ਸੀ, ਪਰ ਇਤਿਹਾਸ ਵਿਚ ਇਸ ਦਾ ਜ਼ਿਕਰ ਖੁਲ੍ਹੇ ਤੌਰ ਤੇ ਸ਼ਾਇਦ ਇਸ ਕਰਕੇ ਨਹੀਂ ਆਇਆ, ਕਿਉਂਜੁ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਜਾਮੇ ਵਿਚ ਸਿੱਖੀ ਦਾ ਪ੍ਰਾਰੰਭ ਹੀ ਹੋਇਆ ਸੀ ਤੇ ਉਹ ਬਹੁੜਾ ਕਾਰਜ ਆਪ ਹੀ ਕਰਦੇ ਸਨ। ਭਾਈ ਕਾਨ੍ਹ ਸਿੰਘ ਜੀ "ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼" ਵਿਚ ਇਸ ਸੰਬੰਧ ਵਿਚ ਇਸਤਰ੍ਹਾਂ ਲਿਖਦੇ ਹਨ :

> "ਗੁਰੂ ਨਾਨਕ ਜੀ ਤੋਂ ਲੈ ਕੇ ਪੰਜ ਪਜਾਰੇ ਚੁਣੇ ਜਾਂਦੇ ਰਹੇ ਹਨ, ਪਰ ਇਤਿਹਾਸ ਵਿਚ ਸਾਰਿਆਂ ਦੇ ਨਾਮ ਨਹੀਂ ਲਿਖੇ, ਕੇਵਲ ਥੋੜੇ ਨਾਮ ਹੀ ਦਿਤੇ ਹਨ, ਜੇਹਾ ਕਿ ਗੁਰੂ ਅਰਜਨ ਦੇਵ ਜੀ ਦੇ ਪੰਜ ਪਜਾਰੇ—ਬਿਧੀ ਚੰਦ, ਜੇਠਾ, ਲੰਗਾਹ, ਪਿਰਾਣਾ ਤੇ ਭਾਈ ਪੈੜਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਆਤਮ ਗਜਾਨੀ ਪੰਜ ਪਜਾਰੇ—ਦੀਵਾਨ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਊਦਾ ਤੇ ਜੈਤਾ।"
>
> [ਪੰਨਾ ੫੯੩, ਦੂਜੀ ਛਾਪ

ਸੋ ਪਰਗਟ ਹੈ ਕਿ ਪੰਜਾਂ ਪਿਆਰਿਆਂ ਦੀ ਚੋਣ ਇਸੇ ਵਾਸਤੇ ਕੀਤੀ ਜਾਂਦੀ ਸੀ ਤਾਂ ਜੁ, ਗੁਰੂ ਸਾਹਿਬ ਦੀ ਗ਼ੈਰ-ਹਾਜ਼ਰੀ ਵਿਚ, ਸੰਗਤਾਂ ਦੀ ਠੀਕ ਅਗਵਾਈ ਹੋ ਸਕੇ ਤੇ ਨਾਲ ਹੀ ਸੰਗਤਾਂ ਦੀਆਂ ਪ੍ਰਮਾਰਥਿਕ, ਅਤੇ ਸੰਸਾਰਕ ਔਕੜਾਂ, ਗੁੰਝਲਾਂ ਆਦਿ ਹਲ ਕਰਨ ਵਿਚ ਸਹਾਈ ਹੋਣ। ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਦੇ ਇਸ ਵਾਕ ਤੋਂ ਵੀ ਸਪੱਸ਼ਟ ਹੁੰਦੀ ਹੈ :—

ਇਕ ਸਿਖੁ ਦੋਇ ਸਾਧ ਸੰਗੁ ਪੰਜੀਂ ਪਰਮੇਸਰੁ ॥ ਵਾਰ ੧੩, ੫: ੧੯

ਇਸ ਲਈ ਇਹ ਸਪੱਸ਼ਟ ਹੋ ਗਿਆ ਕਿ ਪੰਜ ਆਤਮ-ਧਿਆਨੀ ਗੁਰਸਿੱਖਾਂ ਨੂੰ ਪਰਧਾਨਗੀ ਦੀ ਮਰਯਾਦਾ ਅਰੰਭ ਤੋਂ ਹੀ ਗਿਣ ਮਿਥ ਕੇ ਬਣਾਈ ਯੋਜਨਾ ਅਧੀਨ ਸੀ। ਗੁਰੂ ਸਾਹਿਬ ਨੇ ਅਰੰਭ ਤੋਂ ਹੀ ਨਵੇਂ ਸਾਜੇ ਨਿਰਮਲ ਜਾਂ ਖਾਲਸਾ ਪੰਥ ਦੀ ਅਗਵਾਈ ਵਿਚ ਪੰਜਾਂ ਦਾ ਮੁਖ ਅਸਥਾਨ ਸੋਚਿਆ ਹੋਇਆ ਸੀ। ਉਸੇ ਉਲੀਕੀ ਯੋਜਨਾ ਅਨੁਸਾਰ ਦਸਵੇਂ ਜਾਮੇ ਵਿਚ ਭਾਈ ਦਯਾ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮੁਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਤੇ ਭਾਈ ਹਿੰਮਤ ਸਿੰਘ ਜੀ ਨੂੰ ਪੰਜ ਪਿਆਰੇ ਥਾਪਿਆ।

ਸ੍ਰੀ ਦਸਮੇਸ਼ ਜੀ ਨੇ ਆਪਣੀ ਸਰੀਰਕ ਆਯੂ ਵਿਚ ਹੀ ਪੰਜਾਂ ਪਿਆਰਿਆਂ ਦੀ ਮਹੱਤਤਾ ਪ੍ਰਗਟ ਪਹਾਰੇ

*ਆਸਾ ਮਹਲਾ ੫, ਪੰਨਾ ੪੦੬



www.AKJ.Org

ਸਪੱਸ਼ਟ ਰੂਪ ਵਿਚ ਪ੍ਰਤਿਪਾਦਨ ਕੀਤੀ, ਤਾਂ ਜੁ ਇਸ ਸੰਬੰਧੀ ਆਉਣ ਵਾਲੇ ਸਮੇਂ ਵਿਚ ਕੋਈ ਭਰਮ-ਭੁਲੇਖਾ ਨਾ ਰਹਿ ਜਾਏ :

(ੳ) ਸੰਨ ੧੬੯੯ ਈ: ਦੇ ਵੈਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੀ ਚੋਣ ਕਰ ਕੇ ਉਨ੍ਹਾਂ ਨੂੰ ਖੰਡੇ ਕੀ ਪਾਹੁਲ (ਅੰਮ੍ਰਿਤ) ਛਕਾ ਕੇ, ਫਿਰ ਉਨ੍ਹਾਂ ਪਾਸੋਂ ਖ਼ੁਦ ਖੰਡੇ ਕੀ ਪਾਹੁਲ ਨੂੰ ਛਕਿਆ ਤੇ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣੇ ।

(ਅ) ਓਸੇ ਦਿਨ ਇਤਿਹਾਸ ਅਨੁਸਾਰ ਹਜ਼ਾਰਾਂ ਸਿੱਖਾਂ ਨੇ 'ਅੰਮ੍ਰਿਤ' ਪਾਨ ਕੀਤਾ । ਸਪੱਸ਼ਟ ਹੈ ਕਿ ਇਸ ਮਹਾਨ ਕਾਰਜ ਦੀ ਸੇਵਾ ਇਨ੍ਹਾਂ ਪੰਜਾਂ ਪਿਆਰਿਆਂ ਨੇ ਹੀ ਕੀਤੀ ਹੋਵੇਗੀ । ਬਲਕਿ ਸੰਭਵ ਹੈ ਕਿ ਹੋਰ ਨਵੇਂ ਅੰਮ੍ਰਿਤਧਾਰੀ ਸਿੱਖਾਂ ਵਿਚੋਂ ਵੀ ਪੰਜ ਪਿਆਰੇ ਚੁਣ ਕੇ ਸੇਵਾ ਲਈ ਗਈ ਹੋਵੇ ।

(ੲ) ਇਤਿਹਾਸ ਵਿਚੋਂ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਇਸ ਵੈਸਾਖੀ ਵਾਲੇ ਚੋਜ ਤੋਂ ਉਪ੍ਰੰਤ ਦਸਮੇਸ਼ ਜੀ ਨੇ ਕਦੇ ਵੀ ਇਕੱਲਿਆਂ ਅੰਮ੍ਰਿਤ ਛਕਾਇਆ ਹੋਵੇ ।

(ਸ) ਦਾਦੂ ਦੁਆਰੇ ਵਿਚ ਕਬਰ ਨੂੰ ਦਸਮੇਸ਼ ਜੀ ਨੇ ਤੀਰ ਨਾਲ ਨਮਸਕਾਰ ਕਰਨ ਦਾ ਚੋਜ ਕੇਵਲ ਖਾਲਸਾ ਜੀ ਦੀ ਪਰਖ ਕਰਨ ਹਿਤ ਹੀ ਵਰਤਾਇਆ ਅਤੇ ਤਨਖਾਹ ਲੁਆਉਣ ਦਾ ਪੂਰਨਾ ਵੀ ਖਾਲਸਾ ਜੀ ਦੀ ਸਰਵੁਚਤਾ ਸਥਾਪਿਤ ਕਰਨ ਹਿਤ ਹੀ ਪਾਇਆ ।

(ਹ) ਚਮਕੌਰ ਦੀ ਗੜ੍ਹੀ ਵਿਚ ਜਦੋਂ ਮੁੱਠੀ ਭਰ ਸਿੰਘਾਂ ਨੇ ਇਹ ਦੇਖ ਲਿਆ ਕਿ ਇਥੇ ਸਿੰਘਾਂ ਦੇ ਸੰਗ ਦਸਮੇਸ਼ ਜੀ ਨੇ ਵੀ ਸ਼ਹੀਦ ਹੋਣ ਲਈ ਕਮਰਕੱਸੇ ਕਰ ਲਏ ਹਨ ਤਾਂ ਉਦੋਂ ਹੋਰ ਕੋਈ ਵਾਹ ਨਾ ਚਲਦੀ ਦੇਖ ਕੇ ਪੰਜਾਂ ਸਿੰਘਾਂ ਨੇ ਪੰਜਾਂ ਪਿਆਰਿਆਂ ਦੇ ਰੂਪ ਵਿਚ ਗੁਰੂ ਸਾਹਿਬ ਨੂੰ ਗੜ੍ਹੀ ਵਿਚੋਂ ਜ਼ਿੰਦਾ ਚਲੇ ਜਾਣ ਦਾ ਹੁਕਮ ਕੀਤਾ ਤੇ ਦਸਮੇਸ਼ ਪਿਤਾ ਜੀ ਨੇ ਸਿਰ ਨਿਵਾ ਕੇ ਹੁਕਮ ਦੀ ਪਾਲਣਾ ਕੀਤੀ ।

ਸੋ ਸਪੱਸ਼ਟ ਹੈ ਕਿ ਪੰਚਾਂ ਦੀ ਪਰਧਾਨਗੀ ਦੀ ਗੁਰਮਤਿ ਮਰਯਾਦਾ ਗੁਰੂ ਨਾਨਕ ਦੇਵ ਜੀ ਨੇ ਦਸਾਂ ਜਾਮਿਆਂ ਵਿਚ ਪ੍ਰਚਲਤ ਕਰ ਕੇ ਅਖੀਰਲੇ ਸਰੀਰਕ ਜਾਮੇ ਵਿਚ ਇਸ ਦਾ ਪੱਕਾ ਬਾਨ੍ਹਣੂ ਬੰਨ੍ਹ ਦਿਤਾ, ਜਦੋਂ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਂ ਪਿਆਰਿਆਂ ਸੰਗ ਪੰਜਾਬ ਚਾਲੇ ਪਾਉਣ ਦਾ ਹੁਕਮ ਕੀਤਾ, ਤਾਂ ਜੁ ਪੰਥ ਦੀ ਚੜ੍ਹਦੀ ਕਲਾ ਲਈ ਸੰਗਰਾਮ ਨੂੰ ਜਾਰੀ ਰਖ ਕੇ ਦੁਸ਼ਟਾਂ ਦਾ ਸੰਘਾਰ ਕੀਤਾ ਜਾਵੇ ।

ਬੰਦਾ ਬਹਾਦਰ ਸਿੰਘ ਜੀ ਤੋਂ ਪਿਛੋਂ ਹੌਲੀ ਹੌਲੀ ਇਸ 'ਪੰਚ ਪਰਧਾਨੁ' ਦੀ ਮਰਯਾਦਾ ਵਿਚ ਵਿਘਨ ਪੈ ਗਿਆ । ਸਮੇਂ ਦੇ ਗੇੜ ਨਾਲ ਪੰਜਾਂ ਪਿਆਰਿਆਂ ਦਾ ਕਰਤੱਵ ਕੇਵਲ ਅੰਮ੍ਰਿਤ ਛਕਾਉਣ ਤੇ ਹੀ ਮਹਿਦੂਦ ਰਹਿ ਗਿਆ । ਪੰਥ ਦੀ ਅਗਵਾਈ ਹਰ ਸਿਰ-ਕਢਵਾਂ ਜਰਨੈਲ ਆਪਣੇ ਬਲ ਤੇ ਬੁੱਧੀ ਅਨੁਸਾਰ ਕਰਨ ਲਗਾ । ਇਸੇ ਤਰ੍ਹਾਂ ਵਖੋ ਵੱਖ ਚੋਣਵੇਂ ਬਹਾਦਰ ਅਣਖੀਲੇ ਗੁਰਸਿਖ ਜਰਨੈਲਾਂ ਦੇ ਜਥੇ ਉਨ੍ਹਾਂ ਦੇ ਆਪਣੇ ਨਾਮ ਹੇਠ ਮਿਸਲਾਂ ਦਾ ਰੂਪ ਧਾਰਨ ਕਰ ਗਏ । ਉਨ੍ਹਾਂ ਸਾਰੀਆਂ ਮਿਸਲਾਂ ਨੂੰ ਸਰ ਕਰ ਕੇ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸਥਾਪਨ ਕੀਤਾ, ਤਾਂ ਉਨ੍ਹਾਂ ਨੇ ਬਾਕੀ ਆਨਮਤੀਆਂ ਵਾਂਗੂੰ ਜ਼ਾਤੀ (ਸ਼ਖਸੀ) ਰਾਜ ਹੀ ਥਾਪਿਆ ਤੇ ਆਪ ਉਸ ਦੇ ਹੁਕਮ-ਰਾਨ ਮਹਾਰਾਜਾ ਬਣੇ । ਉਨ੍ਹਾਂ ਦਾ ਚਾਲੀ ਕੁ ਸਾਲ ਦਾ ਰਾਜ ਦੁਨੀਆਵੀ ਧਰਮ ਨਿਰਪਖਤਾ ਤੇ ਇਨਸਾਫ਼ ਵਜੋਂ ਇਕ ਲਾ-ਮਿਸਾਲ ਰਾਜ ਸੀ । ਇਤਿਹਾਸ ਅਨੁਸਾਰ ਉਨ੍ਹਾਂ ਦੇ ਰਾਜ ਵਿਚ ਪੂਰਨ ਅਮਨ ਸੀ । ਕਿਸੇ ਇਕ ਬੰਦੇ ਨੂੰ ਵੀ ਫਾਂਸੀ ਦੀ ਸਜ਼ਾ ਨਹੀਂ ਮਿਲੀ । ਸਾਰੇ ਧਰਮਾਂ ਨੂੰ ਪੂਰੀ ਆਜ਼ਾਦੀ ਸੀ ਤੇ ਕਿਸੇ ਇਕ ਆਨਮਤੀ ਤੇ ਵੀ ਸਿਖ ਧਰਮ ਡਰ ਜਾਂ ਲਾਲਚ ਦੇ ਕੇ ਠੋਸਿਆ ਨਹੀਂ ਸੀ ਗਿਆ । ਪਰ ਫਿਰ ਵੀ ਉਨ੍ਹਾਂ ਦੀ ਮ੍ਰਿਤੂ ਤੋਂ ਪਿਛੋਂ ਦਿਨਾਂ ਵਿਚ ਹੀ ਸਿਖ ਰਾਜ ਦਾ ਭੋਗ ਪੈ ਗਿਆ ਅਤੇ ਜੋ ਕੁਛ ਉਦੋਂ ਕਤਲੋ-ਗ਼ਾਰਤ ਹੋਈ, ਉਹ ਪੜ੍ਹ ਸੁਣ ਕੇ ਰੋਂਗਟੇ ਖੜੇ ਹੋ ਜਾਂਦੇ ਹਨ । ਜੇ ਕਰ ਮਹਾਰਾਜਾ ਰਣਜੀਤ ਸਿੰਘ ਪੰਜਾਂ ਪਰਧਾਨ ਸਿੰਘਾਂ ਦੀ ਕੌਂਸਲ ਬਣਾ ਕੇ ਉਨ੍ਹਾਂ ਦੇ ਸਲਾਹ-ਮਸ਼ਵਰੇ ਤੇ ਉਨ੍ਹਾਂ ਦੇ ਅਧੀਨ ਹੋ ਕੇ ਰਾਜ ਕਰਦੇ ਤਾਂ ਉਨ੍ਹਾਂ ਦੇ ਅੰਤ ਸਮੇਂ ਰਾਜ ਦੀ ਸਾਰੀ ਜ਼ਿੰਮੇਵਾਰ ਪੰਚਾਇਣ ਨੇ ਆਪਣੇ ਹੱਥ ਲੈ ਕੇ, ਨਵਾਂ ਜਥੇਦਾਰ ਥਾਪ ਕੇ ਸੰਭਾਲ ਲੈਣੀ ਸੀ ਤੇ ਖਾਲਸਾ ਰਾਜ ਦਾ ਇਸ ਤਰ੍ਹਾਂ



www.AKJ.Org

ਅੰਤ ਨ ਹੁੰਦਾ।

ਏਸੇ ਤਰ੍ਹਾਂ ਹੀ ਸਿੰਘ ਸਭਾ ਤੇ ਅਕਾਲੀ ਲਹਿਰ ਸਮੇਂ ਜੋ ਸਫਲਤਾ ਹੋਈ, ਉਹ ਅਗੋਂ ਵੀ ਜਾਰੀ ਰਹਿ ਸਕਦੀ ਸੀ, ਜੇਕਰ ਸਾਰਾ ਪੰਥ ਪੰਚਾਇਣ ਦੀ ਪਰਧਾਨਗੀ ਹੇਠ ਚਲਦਾ। ਸ਼੍ਰੋਮਣੀ ਅਕਾਲੀ ਦਲ, ਜੋ ਅਕਾਲ (ਭਾਵ, ਅਕਾਲ ਪੁਰਖ) ਦੇ ਦੱਲ ਸਨ, ਉਹ ਉਘੇ ਲੀਡਰਾਂ ਦੇ ਨਾਮ ਨਾਲ ਨੱਥੇ ਗਏ—ਬਾਦਲ ਅਕਾਲੀ ਦਲ, ਮਾਸਟਰ ਅਕਾਲੀ ਦਲ, ਮਾਨ ਅਕਾਲੀ ਦਲ ਇਤਿਆਦਿਕ ਨਾਮ ਹੀ ਅਰਥ-ਹੀਨ ਹਨ। **ਅਕਾਲੀ ਭਾਵ ਅਕਾਲ ਪੁਰਖ ਦਾ ਦਲ ਕਦੇ ਕਿਸੇ ਮਨੁੱਖ ਦਾ ਦੱਲ ਵੀ ਹੋ ਸਕਦਾ ਹੈ?** ਗੁਰੂ ਦਸਮੇਸ਼ ਪਿਤਾ ਜੀ ਨੇ ਤਾਂ ਖਾਲਸੇ ਦੀ ਸਾਜਨਾ ਕਰ ਕੇ ਵੀ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਨਹੀਂ ਆਖਿਆ, ਬਲਕਿ ਫੁਰਮਾਇਆ—"ਖਾਲਸਾ ਅਕਾਲ ਪੁਰਖ ਕੀ ਫੌਜ" ਤੇ ਨਾਲ ਹੀ ਫੁਰਮਾਨ ਕੀਤਾ ਕਿ "ਖਾਲਸਾ ਮੇਰੋ ਸਤਿਗੁਰ ਪੂਰਾ"। ਏਥੇ ਹੀ ਬੱਸ ਨਹੀਂ, ਉਹ ਤਾਂ ਇਥੋਂ ਤੱਕ ਫੁਰਮਾ ਗਏ ਕਿ "ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰ ਪਰੇ।" ਇਸ ਦੇ ਉਲਟ ਪੰਥ ਮੁਖੀ ਆਪੋ ਆਪਣੇ ਨਾਮ ਹੇਠ "ਅਕਾਲੀ" ਦਲ ਬਣਾ ਕੇ ਪੰਥ ਦੀ ਸੇਵਾ ਦਾ ਦਾਅਵਾ ਕਰ ਰਹੇ ਹਨ।

ਇਸ ਦਾ ਨਤੀਜਾ ਸਾਡੇ ਸਾਹਮਣੇ ਹੈ। ਦਸਮੇਸ਼ ਜੀ ਦੇ ਹੁਕਮ ਅਨੁਸਾਰ :

"ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈਂ ਨ ਕਰੋਂ ਇਨ ਕੀ ਪ੍ਰਤੀਤ ॥"

ਏਨ੍ਹਾਂ ਸਾਰੇ (ਕੇਵਲ ਨਾਮ ਦੇ) ਅਕਾਲੀ ਦਲਾਂ ਦੀ ਜੋ ਦਸ਼ਾ ਹੈ, ਉਹ ਪ੍ਰਤੱਖ ਤੇ ਪ੍ਰਗਟ-ਪਹਾਰੇ ਸਾਰੇ ਜਗਤ ਤੇ ਰੌਸ਼ਨ ਹੈ।

ਭਾ: ਸਾ: ਰਣਧੀਰ ਸਿੰਘ ਜੀ ਦੇ ਇਕ ਨਿਕਟ-ਵਰਤੀ ਪੁਰਾਤਨ ਸਿੰਘ ਨੇ ਦਸਿਆ ਸੀ ਕਿ ੧੯੪੭ ਈ: ਦੀ ਦੇਸ਼-ਵੰਡ ਪਿਛੋਂ ਮਾਸਟਰ ਤਾਰਾ ਸਿੰਘ ਜੀ ਭਾਈ ਸਾਹਿਬ ਕੋਲ ਉਨ੍ਹਾਂ ਦੀ ਅਗਵਾਈ ਤੇ ਸਲਾਹ ਲਈ ਆਏ। ਪੁਛਣਾ ਕੀਤੀ ਕਿ ਉਸ ਸੰਕਟ ਸਮੇਂ ਪੰਥ ਦੀ ਚੜ੍ਹਦੀ ਕਲਾ ਲਈ ਕੀ ਕੀਤਾ ਜਾਵੇ। ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ ਸਲਾਹ ਦਿਤੀ ਕਿ ਸ਼ਰੋਮਣੀ ਅਕਾਲੀ ਦਲ ਦੀ ਕਾਰਜ-ਸਾਧਕ ਕਮੇਟੀ ਭੰਗ ਕਰ ਕੇ ਪੰਜ ਆਤਮ-ਗਿਆਨੀ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧੀਨ, ਸਾਰੀ ਜ਼ਿੰਮੇਵਾਰੀ ਸੌਂਪੀ ਜਾਵੇ ਤਾਂ ਪੰਥ ਦੀ ਚੜ੍ਹਦੀ ਕਲਾ ਅਵੱਸ਼ਯ ਹੋਵੇਗੀ, ਪਰ ਮਾਸਟਰ ਜੀ ਸਿਆਸਤ ਦੇ ਅਧੀਨ ਇਹ ਕਰਨ ਤੋਂ ਅਸਮਰੱਥ ਰਹੇ। ਸੋ ਹੁਣ ਪੰਥ ਵਿਚ ਆਪੋ ਧਾਪੀ ਪਈ ਹੋਈ ਹੈ। ਵਖ ਵਖ ਸੰਪਰਦਾਵਾਂ ਤੇ ਜਥੇ ਆਪਸ ਵਿਚ ਖਹਿਬੜ ਰਹੇ ਹਨ। ਕਿਉਂ? ਇਸ ਲਈ ਕਿ ਪੰਚਾਇਣ ਦੀ ਸੇਵਾ ਕੇਵਲ ਅੰਮ੍ਰਿਤ ਪਰਚਾਰ ਤਕ ਮਹਿਦੂਦ ਹੋ ਕੇ ਰਹਿ ਗਈ ਹੈ। ਪੰਥ ਦੀ ਅਗਵਾਈ ਆਨ-ਮਤੀਆਂ ਦੀ ਰੀਸੋ ਘੜੀਸੋ ਆਪੋ ਆਪਣੀ ਸਿਆਣਪ ਚਤੁਰਾਈ ਤੇ ਚੌਧਰ-ਪੁਣੇ ਦੇ ਅਧੀਨ ਵਖੋ ਵਖ ਨੇਤਾ ਕਰ ਰਹੇ ਹਨ। ਇਸੇ ਲਈ ਮੌਜੂਦਾ ਪੰਥਕ ਦਸ਼ਾ ਦੇਖ ਕੇ ਹਰ ਸੂਝਵਾਨ ਪੰਥ-ਦਰਦੀ ਫ਼ਿਕਰਮੰਦ ਹੈ।

ਇਸ ਸੰਬੰਧ ਵਿਚ ਤੱਤ ਗੁਰਮਤਿ ਦੇ ਅਲਮ-ਬਰਦਾਰ "ਅਖੰਡ ਕੀਰਤਨੀ ਜਥੇ" ਵਿਚੋਂ ਇਕ ਆਸ ਤੇ ਉਮੀਦ ਦੀ ਕਿਰਨ ਪ੍ਰਗਟੀ ਹੈ। ਇਸ ਵਲ ਸਾਰੇ ਖਾਲਸਾ ਪੰਥ ਨੂੰ ਧਿਆਨ ਦੇਣਾ ਚਾਹੀਦਾ ਹੈ। ਹਰ ਜੀਉਂਦੀ ਕੌਮ, ਜਥੇ ਜਾਂ ਸੁਸਾਇਟੀ ਵਿਚ ਮੱਤ-ਭੇਦਾਂ ਦਾ ਪ੍ਰਗਟ ਹੋ ਜਾਣਾ ਕੁਦਰਤੀ ਹੈ। ਇਹ ਮੱਤ-ਭੇਦ ਉਸ ਸੰਸਥਾ ਦੇ ਜੀਉਂਦੇ ਤੇ ਚੜ੍ਹਦੀ ਕਲਾ ਵਿਚ ਹੋਣ ਦੀ ਨਿਸ਼ਾਨੀ ਹਨ। ਮੱਤ-ਭੇਦ ਕੇਵਲ ਉਥੇ ਹੀ ਨਹੀਂ ਹੋ ਸਕਦੇ ਜਿਥੇ ਕਿਸੇ ਡਿਕਟੇਟਰ ਜਾਂ ਸ਼ਕਤੀ-ਸ਼ਾਲੀ ਜਾਬਰ ਮਨੁਖ ਦਾ ਰਾਜ ਹੋਵੇ, ਜਿਵੇਂ ਕਿ ਕਮਿਊਨਿਸਟ ਦੇਸਾਂ ਵਿਚ ਹੈ ਜਾਂ ਹਿਟਲਰ ਦੇ ਜਰਮਨੀ ਵਿਚ ਸੀ। ਸੋ ਜਥੇ ਦੇ ਉਘੇ ਮੈਂਬਰਾਨ ਤੇ ਜਥੇਦਾਰ ਸਾਹਿਬ ਵਿਚ ਮੱਤ-ਭੇਦ ਹੋ ਗਏ ਤੇ ਕਾਫ਼ੀ ਵਧ ਗਏ। ਸਾਰੇ ਪੰਥ ਵਿਚ ਚਿੰਤਾ ਹੋ ਗਈ, ਕਿਉਂਕਿ ਪੰਥ ਵਿਚ ਇਹ ਜਥਾ ਕੇਵਲ ਤੱਤ ਗੁਰਮਤਿ ਅਨੁਸਾਰ ਪੰਥਕ ਸੇਵਾ ਨਿਬਾਹ ਰਿਹਾ ਸੀ ਤੇ ਇਸ ਸੇਵਾ ਵਿਚ ਵਿਘਨ ਪੈਣ ਦਾ ਤੌਖਲਾ ਹੋ ਗਿਆ। ਜਦੋਂ ਪੁਰਾਤਨ ਬਜ਼ੁਰਗ ਗੁਰਮਤਿ ਪ੍ਰਬੀਨ ਗੁਰਸਿੱਖਾਂ ਨੇ ਇਸ ਹਾਲਤ ਤੇ ਵੀਚਾਰ ਕੀਤੀ ਤਾਂ ਸਤਿਗੁਰੂ ਦੀ ਓਟ ਲੈ ਕੇ ਉਨ੍ਹਾਂ


www.AKJ.Org

ਨੇ ਇਸ ਗੰਭੀਰ ਸੰਕਟ ਨੂੰ ਹਲ ਕਰਨ ਲਈ ਕਮਰਕੱਸੇ ਕੀਤੇ। "ਪੰਚਾਇਣ" ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧੀਨ, ਜਥੇ ਦੇ ਜਥੇਦਾਰ ਸਾਹਿਬ ਤੇ ਹੋਰ ਸੰਬੰਧਤ ਪਤਵੰਤੇ ਸੱਜਣਾਂ ਨੂੰ ਬੁਲਾ ਕੇ, ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ ਆਪਣਾ ਫ਼ੈਸਲਾ (ਜੋ ਹੁਕਮ ਦਾ ਦਰਜਾ ਰਖਦਾ ਹੈ) ਸੁਣਾ ਦਿਤਾ। ਖੁਸ਼ੀ ਦੀ ਗੱਲ ਹੈ ਕਿ ਉਸ ਫ਼ੈਸਲੇ ਨੂੰ ਸਭ ਨੇ ਸਿਰ ਮੱਥੇ ਤੇ ਮੰਨ ਲਿਆ ਤੇ ਇਸਤਰ੍ਹਾਂ ਇਕ ਸੰਕਟ ਸਹਿਜੇ ਹੀ ਟਲ ਗਿਆ। ਜਥੇਦਾਰ ਜੀ ਤੇ ਹੋਰ ਸੰਬੰਧਤ ਮੈਂਬਰ ਬਹੁਤ ਬਹੁਤ ਵਧਾਈ ਦੇ ਪਾਤਰ ਹਨ। ਉਨ੍ਹਾਂ "ਪੰਚਾਇਣ" ਦੇ ਫ਼ੈਸਲੇ ਨੂੰ ਪਰਵਾਨ ਕਰ ਕੇ ਨਾ-ਕੇਵਲ ਜਥੇ ਨੂੰ ਹੀ ਇਕ ਸੰਕਟ ਵਿਚੋਂ ਕਢਿਆ ਹੈ, ਬਲਕਿ ਇਸ ਘਟਨਾ ਨੇ ਸਾਰੇ ਪੰਥ ਨੂੰ ਗੁਰਮਤਿ ਗਾਡੀ ਰਾਹ ਦਿਖਾ ਕੇ ਇਕ ਨਿਗਰ-ਸੇਧ ਦਿਤੀ ਹੈ ਕਿ ਇਹ ਗੁਰਮੱਤੀ ਜਥਾ ਸਦਾ ਪੰਚਾਇਣ ਦੇ ਅਧੀਨ ਵਿਚਰਦਾ ਰਿਹਾ ਹੈ ਅਤੇ ਅਗੇ ਤੋਂ ਵੀ ਇਸ ਰਵਾਇਤ ਉਤੇ ਪਹਿਰਾ ਦੇਂਦਾ ਰਵ੍ਹੇਗਾ। ਆਸ ਕੀਤੀ ਜਾਂਦੀ ਹੈ ਕਿ ਸਮੁੱਚਾ ਖਾਲਸਾ ਪੰਥ ਇਸ "ਪੰਚ ਪਰਧਾਨੁ" ਦੇ ਗੁਰਮਤਿ ਗਾਡੀ ਰਾਹ ਨੂੰ ਅਪਣਾਅ ਕੇ ਗੁਰੂ ਨਾਨਕ-ਦਸਮੇਸ਼-ਸ੍ਰੀ ਗੁਰੂ ਗ੍ਰੰਥ ਜੀ ਵਲੋਂ ਬਖਸ਼ੇ ਤੇਜ ਪ੍ਰਤਾਪ ਦਾ ਪਾਤਰ ਬਣ ਕੇ ਹਰ ਮੈਦਾਨ ਫਤਿਹ ਪ੍ਰਾਪਤ ਕਰੇਗਾ।

ਭੁਲਾਂ ਚੁਕਾਂ ਦੀ ਖਿਮਾ—ਦਾਸ ਮਨਮੋਹਨ ਸਿੰਘ

# ਸਿਰੀ ਮਾਨ ਸੰਤ ਭਾਈ ਹੀਰਾ ਸਿੰਘ ਜੀ ਦਾਊਦਪੁਰੀਏ

ਇਕ ਦਿਨ ਦਾ ਜ਼ਿਕਰ ਹੈ ਕਿ ਗੁਰਦੁਆਰੇ ਦੇ ਸਾਰੇ ਬੂਹੇ ਅੰਦਰੋਂ ਬੰਦ ਕਰ ਕੇ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠਦਿਆਂ ਨੂੰ ਹੀ ਉਹ ਅਗੰਮੀ ਝਰਨਾਟ ਭਜਨ-ਪਿਆਰ ਦੀ ਛਿੜੀ ਕਿ ਉਨ੍ਹਾਂ ਨੂੰ ਕੋਈ ਸੁਧ ਬੁਧ ਨਾ ਰਹੀ। ਛੇਤੀ ਹੀ ਆਪਣਾ ਆਪ ਸੰਭਾਲ ਕੇ ਗੁਪਤ ਅਰਦਾਸ ਵਿਚ ਜੁਟ ਗਏ। ਅਜੇ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਉਤਾਰ ਕੇ ਪਾਠ ਕਰਨਾ ਹੀ ਅਰੰਭਿਆ ਸੀ ਕਿ ਇਕ-ਦਮ ਹੀ ਅੰਤਰ-ਆਤਮੇ ਜੋਤਿ ਵਿਗਾਸ ਦਾ ਉਘਾੜ ਹੋ ਗਿਆ, ਜੋ ਉਨ੍ਹਾਂ ਤੋਂ ਝਲਿਆ ਨਾ ਜਾਵੇ। ਸਾਰਾ ਸਰੀਰ ਹਲਕਾ ਫੁਲਕਾ ਅਮਿਓ ਰਸਾਇਣੀ ਉਡਣ-ਕਠੋਲਾ ਬਣ ਗਿਆ। ਅਮਿਓ ਰਸ ਰਸਾਇਣੀ ਲਿਵ ਵਿਚ ਮਗਨਾਰ ਹੋ ਕੇ ਨਾਭੀ ਵਿਚ ਸੁਆਸ ਅਭਿਆਸੀ ਖੰਡੇ ਨੂੰ ਜਦੋਂ ਦਬਾਇਆ ਤਾਂ ਦੂਜੀ ਛਿਨ ਵਿਚ ਸਹਿਜ ਸੁਭਾ ਹੀ ਤਾਬਿਆ ਵਿਚ ਬੈਠੇ ਐਸੇ ਉਛਲੇ ਕਿ ਸਰੀਰ ਸਮੇਤ ਹੀ ਗੁਰਦਵਾਰਾ ਸਾਹਿਬ ਜੀ ਦੀ ਛੱਤ ਨੂੰ ਜਾ ਲੱਗੇ। ਅਜਰ ਨੂੰ ਜਰਨ ਦੀ ਸ਼ਕਤਿ ਸੁਤੇ ਸੁਭਾਵ ਹੀ ਗੁਰਮੁਖ ਪਿਆਰੇ ਸੰਤ ਭਾਈ ਹੀਰਾ ਸਿੰਘ ਜੀ ਨੂੰ ਗੁਰੂ ਵਲੋਂ ਹੀ ਪਰਦਾਨ ਸੀ। ਬੜੀ ਸੁਚੇਤਤਾ ਸਹਿਤ ਅਜਰ ਸਾਵਧਾਨਤਾ ਵਾਲੀਆਂ ਅਰਦਾਸਾਂ ਬੇਨਤੀਆਂ ਵਿਚ ਲੀਨ ਹੋ ਗਏ। ਬੜੀ ਹੀ ਸਹਿਜ ਆਤਮ ਉਪਕਾਰ ਦੀ ਰਫ਼ਤਾਰ ਵਿਚ ਸਣੇ ਸਣੇ ਹੇਠਾਂ ਉਤਰ ਆਏ, ਜਿਵੇਂ ਕੋਈ ਉਡਣ ਪੰਖੇਰੂ ਉਤਰਿਆ ਕਰਦਾ ਹੈ। ਉਤਰਨ ਸਾਰ ਹੀ ਸਿਰੀ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਡੰਡੌਤ ਪਰਨੇ ਲੰਮੇ ਪੈ ਗਏ। ਤਕੜਾ ਚਿਰ ਪਏ ਪਏ ਹੀ ਬੇਨਤੀਆਂ ਕਰਨ ਵਿਚ ਜੁਟੇ ਰਹੇ। "ਹੇ ਪਾਤਸ਼ਾਹ, ਇਸ ਅਜਰ ਨੂੰ ਆਪ ਹੀ ਜਰਾਈਂ।" ਗੁਰੂ ਦੀ ਕਿਰਪਾ ਅਨੁਸਾਰ ਓਦੂੰ ਪਿਛੋਂ ਐਸਾ ਅਜਰ ਜਰਿਆ, ਕਿਸੇ ਨੂੰ ਲਖਾਇਆ ਨਹੀਂ। ਨਾਮ ਵਿਗਾਸੀ ਲਿਵ ਮਗਨ ਦਸ਼ਾ ਵਿਚ ਹੀ ਸੰਗਤਾਂ ਅੰਦਰ ਵਿਚਰਦੇ ਰਹੇ। ਅਜਿਹੇ ਰੰਗ-ਰੱਤੜੇ ਰੰਗਲੇ ਗੁਰਮੁਖ ਸੱਜਣਾਂ ਨੂੰ ਹੀ ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਵਿਚ ਲਿਆ ਜਾਂਦਾ ਸੀ। ਇਹ ਇਸ ਜੱਥੇ ਦਾ ਸਦੀਵੀ ਬਿਰਦ ਰਿਹਾ ਹੈ।

[ਰੰਗਲੇ ਸਜਣ, ਪੰਨਾ ੯੧-੯੨



www.AKJ.Org

# ਟੂਟੀ ਗਾਂਢਨਹਰ ਗੁਪਾਲ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ-19]

ਸੁੱਖ ਵਿਚ ਬਿਗਾਨੇ ਵੀ ਆਪਣੇ ਪ੍ਰਤੀਤ ਹੁੰਦੇ ਹਨ, ਪਰ ਦੁੱਖ ਵਿਚ ਹਕੀਕਤ ਦਾ ਪਤਾ ਚੱਲਦਾ ਹੈ ਕਿ ਕਿਹੜਾ ਬੰਦਾ ਤੋੜ ਨਿਬਾਹੁੰਦਾ ਹੈ। ਸੰਕਟ ਦਾ ਸਮਾਂ ਕਸੌਟੀ ਨਿਆਈਂ ਹੈ, ਜਿਹੜਾ ਆਪਣੇ ਤੇ ਪਰਾਏ, ਸੂਰਮੇ ਤੇ ਬੁਜ਼ਦਿਲ, ਨਿਡਰ ਤੇ ਡਰਾਕਲ, ਸਿਰਲੱਥ ਸੂਰੇ ਤੇ ਮੁਰਦਾ-ਦਿਲਾਂ ਦਾ ਨਿਰਣਾ ਕਰਦਾ ਹੈ। ਜਦ ਸੋਨਾ ਕੁਠਾਲੀ ਵਿਚ ਪੈਂਦਾ ਹੈ ਤਾਂ ਖੋਟ ਭਰੀ ਸਾਰੀ ਮਿਲਾਵਟ ਸ਼ੁੱਧ ਸੋਨੇ ਦਾ ਸੰਗ ਤਿਆਗ ਦਿੰਦੀ ਹੈ।

ਇਤਿਹਾਸ ਨੇ ਅਤਿਅੰਤ ਬਦਕਿਸਮਤ ਵਾਕਿਆ ਪੇਸ਼ ਕੀਤਾ। ਫੌਲਾਦੀ ਇਰਾਦੇ ਦੇ ਮਾਲਕ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ, ਉਨ੍ਹਾਂ ਲਾਡਲੇ ਗੁਰਸਿੱਖਾਂ ਸਪੂਤਾਂ ਨੇ, ਜਿਨ੍ਹਾਂ ਆਪਣਾ ਤਨ, ਮਨ ਧਨ, ਸਭ ਕੁਛ ਸਤਿਗੁਰੂ ਨੂੰ ਅਰਪਣ ਕੀਤਾ ਹੋਇਆ ਸੀ, ਤੇ ਜਿਨ੍ਹਾਂ ਦੀ ਸੂਰਮਤਾਈ ਤੇ ਹਜ਼ੂਰ ਨੂੰ ਮਾਣ ਸੀ, ਆਪਣੇ ਗੁਰਦੇਵ ਪਿਤਾ ਨੂੰ ਅਨੰਦਪੁਰ ਦੇ ਕਿਲ੍ਹੇ ਵਿਚ ਛੱਡ ਕੇ ਚਲਣ ਦਾ ਮਨਸੂਬਾ ਬਣਾਇਆ। ਗੁਰਦੇਵ ਜੀ ਨੇ ਮਾਨਸਿਕ ਤੌਰ ਤੇ ਥਿੜਕ ਚੁਕੇ ਸਿੱਖਾਂ ਨੂੰ ਹੌਸਲਾ ਦਿੰਦਿਆਂ ਬਹੁਤ ਸਮਝਾਇਆ ਕਿ ਕੁਝ ਹੋਰ ਹਿੰਮਤ, ਧੀਰਜ ਤੇ ਸਬਰ ਦੀ ਲੋੜ ਹੈ, ਜੰਗ ਦੇ ਹਾਲਾਤ ਬਦਲ ਜਾਣਗੇ ਤੇ ਅਕਾਲ ਪੁਰਖ ਕਲਾ ਵਰਤਾਏਗਾ। ਪਰ ਅਤਿ ਭੁੱਖ ਦੀ ਪੀੜਾ ਤੇ ਪਰਿਵਾਰਕ ਮੋਹ ਨੇ ਭਾਈ ਮਹਾਂ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਮੱਤ ਐਸੀ ਭੁਲਾਅ ਦਿਤੀ ਕਿ ਸਾਰੀ ਬਿਬੇਕ ਬੁੱਧੀ ਨਸ਼ਟ ਹੋ ਗਈ, ਅਣਖ ਤੇ ਗ਼ੈਰਤ ਦੀ ਥਾਂ ਕਾਇਰਤਾ ਨੇ ਮਲ ਲਈ।

ਭਗਤ ਨਾਮਦੇਵ ਜੀ ਦੇ ਬਚਨ ਕਿੰਨੇ ਅਮੁੱਲ, ਯਦਾਰਥ ਅਤੇ ਢੁੱਕਵੇਂ ਹਨ। ਜੇ ਮਾਲਕ ਕਿਸੇ ਵੇਲੇ ਦੁਖ ਤੇ ਕਸ਼ਟ ਦੀ ਕਸਵੱਟੀ ਤੇ ਪਰਖੇ, ਤੇ ਸੇਵਕ ਐਨ ਮੌਕੇ ਤੇ ਭੱਜ ਜਾਵੇ ਤਾਂ ਉਹ ਚਿਰ-ਸਥਾਈ ਜੀਵਨ ਨਹੀਂ ਜੀ ਸਕੇਗਾ, ਸਗੋਂ ਆਪਣੇ ਦੋਹਾਂ ਕੁੱਲਾਂ ਨੂੰ ਲਾਜ ਲਾਵੇਗਾ। ਫ਼ੁਰਮਾਨ ਹੈ :–

ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥ [ਬਸੰਤੁ ੧੧੯੫

ਗੁਰੂ ਕਲਗੀਧਰ ਪਾਤਸ਼ਾਹ ਆਪਣੇ ਪਿਆਰੇ ਸਪੁੱਤਰਾਂ ਦੀ ਗੁਰਸਿੱਖੀ ਤੇ ਵਫ਼ਾਦਾਰੀ ਤੇ ਲੱਗਣ ਵਾਲਾ ਧੱਬਾ ਸ਼ਾਇਦ ਦੇਖਣਾ ਨਹੀਂ ਸੀ ਚਾਹੁੰਦੇ, ਕਿਉਂਕਿ ਇਕ ਸਿੱਖ ਜਦ ਤੱਕ ਗੁਰੂ ਵਾਲਾ ਹੈ, ਸਤਿਗੁਰੂ ਦੇ ਭਾਣੇ ਦਾ ਪਾਬੰਦ ਰਹਿੰਦਾ ਹੈ, ਤੇ ਆਪਣੀ ਮਰਜ਼ੀ ਨਾਲ ਅਹਿਮ ਫ਼ੈਸਲਾ ਨਹੀਂ ਕਰ ਸਕਦਾ। ਹਜ਼ੂਰ ਨੇ ਫੁਰਮਾਇਆ, ਜੇ ਤੁਸੀਂ ਇਹ ਅਸਥਾਨ ਅਵੱਸ਼ ਛੱਡਣਾ ਹੈ ਤਾਂ ਲਿਖ ਜਾਓ, "ਤੁਸੀਂ ਸਾਡੇ ਗੁਰੂ ਨਹੀਂ,ਅਸੀਂ ਤੁਹਾਡੇ ਸਿੱਖ ਨਹੀਂ।"

ਜਦੋਂ ਮਤਿ ਤੇ ਪਰਦਾ ਪੈ ਜਾਏ ਤਾਂ ਗਿਰਾਵਟ ਦੀ ਕੋਈ ਹੱਦ ਨਹੀਂ ਰਹਿੰਦੀ। ਭਾਈ ਮਹਾਂ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਪਿਆਰ, ਸਤਿਕਾਰ ਵਿਸ਼ਵਾਸ ਤੇ ਸਿਦਕ ਡੋਲ ਗਏ। ਉਨ੍ਹਾਂ ਸਤਿਗੁਰੂ ਦੀ ਸ਼ਰਤ ਪਰਵਾਨ ਕਰ ਲਈ ਤੇ ਉੱਪਰ ਲਿਖੀ ਇਬਾਰਤ ਇਕ ਕਾਗਜ਼ ਤੇ ਲਿਖ ਕੇ ਕਾਮਲ ਮੁਰਸ਼ਦ ਤੇ ਆਨੰਦਪੁਰ ਦੀ ਪਾਵਨ ਧਰਤੀ ਨੂੰ ਪਿੱਠ ਦੇ ਗਏ।

ਅੰਗ੍ਰੇਜ਼ੀ ਵਿਚ ਕਹਾਵਤ ਹੈ, *"To err is human, to forgive Divine"* ਮਨੁੱਖ ਸਦਾ ਭੁੱਲਣ-ਹਾਰ ਹੈ, ਪਰ ਮਾਫ਼ ਕਰਨਾ ਰੱਬੀ ਬਖ਼ਸ਼ਸ਼ ਹੈ। ਭੁਲਿਆਂ-ਭਟਕਿਆਂ ਨੂੰ ਬਖ਼ਸ਼ ਦੇਣਾ ਗੁਰੂ-ਅਕਾਲ ਪੁਰਖ ਦਾ ਬਿਰਦ ਹੈ। ਬੰਦਾ ਭਾਵੇਂ ਰੱਬ ਨੂੰ ਵਿਸਾਰ ਦੇਵੇ, ਪਰ ਰੱਬ ਬੰਦੇ ਨੂੰ ਨਹੀਂ ਵਿਸਾਰਦਾ। ਉਹ ਸੱਚੇ ਮਾਰਗ ਤੋਂ ਘੁੱਥਿਆਂ ਨੂੰ ਖਿਮਾ ਕਰ ਕੇ ਗਲੇ ਲਾਉਂਦਾ ਹੈ।

ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥ (ਪੰਨਾ ੧੩੮੩)

ਇਨ੍ਹਾਂ ਭੁਲੜਾਂ ਦੀ ਭੁਲ ਨੂੰ ਦਿਤਰਦਿਆਂ ਵੇਖ, ਸਤਿਗੁਰੂ ਜੀ ਨੂੰ ਇਕ ਸਿਖ ਨੇ ਜੋਦੜੀ ਕੀਤੀ, ਪਾਤਸ਼ਾਹ! ਉਹ ਤਾਂ ਔਖੇ ਵੇਲੇ ਧੋਖਾ ਦੇ ਕੇ ਆਪ ਨੂੰ ਛਡ ਗਏ ਹਨ, ਬੇਦਾਵਾ ਲਿਖ ਗਏ ਹਨ, ਪਰ ਆਪ ਅਜੇ ਵੀ ਉਨ੍ਹਾਂ ਵਲ ਤਕ ਰਹੇ ਹੋ. ਇਹ ਗੱਲ ਸਾਡੀ ਸਮਝ ਨਹੀਂ ਆਈ। ਹਜ਼ੂਰ ਦਾ ਉੱਤਰ ਉਨ੍ਹਾਂ ਦੇ ਮੁਖਾਰਬਿੰਦ ਤੋਂ ਨਿਕਲਿਆ



www.AKJ.Org

ਹੀ ਫੱਬਦਾ ਹੈ, "ਉਨ੍ਹਾਂ ਅਗਿਆਨਤਾ ਤੇ ਭਰਮ ਕਾਰਨ ਸਾਨੂੰ ਛੱਡਿਆ ਹੈ, ਅਸੀਂ ਤਾਂ ਨਹੀਂ ਛੱਡਿਆ, ਬੇਦਾਵਾ ਉਨ੍ਹਾਂ ਦਿੱਤਾ ਹੈ, ਅਸਾਂ ਤਾਂ ਨਹੀਂ ਦਿੱਤਾ।" ਧੰਨ ਧੰਨ ਹਨ ਕਲਗੀਆਂ ਵਾਲੇ,ਜਿਨ੍ਹਾਂ ਦੀ ਕਥਨੀ ਵੀ ਕਮਾਲ ਦੀ ਤੇ ਕਰਣੀ ਵੀ ਕਮਾਲ ਦੀ। ਧੰਨ ਗੁਰਦੇਵ ਜੀ, ਆਪ ਧੰਨ ਹੋ ਜੋ ਆਪਣੇ ਸਿੱਖਾਂ ਨੂੰ ਜੀਅ ਨਾਲ ਸੰਭਾਲਦੇ ਹੋ।

ਸਤਿਗੁਰੂ ਤੋਂ ਬੇਮੁਖ ਹੋਏ ਭੁਲੜ ਵੀਰ ਜਦ ਘਰਾਂ ਨੂੰ ਪਰਤੇ ਤਾਂ ਉਥੇ ਉਨ੍ਹਾਂ ਦੀ ਅਨੋਖੀ ਆਉ-ਭਗਤ ਹੋਈ। ਬੀਬੀਆਂ ਅਤੇ ਮਾਈਆਂ ਸਭਰਾਈਆਂ ਵਲੋਂ ਐਸੀਆਂ ਫਿਟਕਾਰਾਂ ਪਈਆਂ ਕਿ ਕਿਤੇ ਮੂੰਹ ਵਿਖਾਣ ਜੋਗੇ ਨ ਰਹੇ। ਵਿਸ਼ੇਸ਼ ਤੌਰ ਤੇ ਬੀਬੀ ਭਾਗੋ (ਭਾਗ ਕੌਰ) ਨੇ ਨਾ-ਕੇਵਲ ਉਨ੍ਹਾਂ ਦੀ ਆਤਮਾ ਨੂੰ ਝੰਜੋੜਿਆ, ਬਲਕਿ ਅਮਲੀ ਤੌਰ ਤੇ ਸਰੀਰ ਬਲੀਦਾਨ ਕਰ ਦੇਣ ਲਈ ਵੀ ਤਿਆਰ ਕਰ ਦਿੱਤਾ।

ਹੁਣ ਭਾਈ ਮਹਾਂ ਸਿੰਘ ਦੀਆਂ ਅੱਖਾਂ ਖੁਲ੍ਹ ਰਹੀਆਂ ਸਨ, ਉਸ ਦੀ ਆਤਮਾ ਪਛਤਾਵੇ ਦੀ ਅਗਨੀ ਵਿਚ ਕੁੰਦਨ ਬਣ ਰਹੀ ਸੀ। ਉਸ ਦੀ ਜ਼ਮੀਰ ਬਾਰ ਬਾਰ ਪੁਕਾਰਦੀ ਕਿ ਉਹ ਕਿਹੜੀ ਕੁਲੱਖਣੀ ਘੜੀ ਸੀ ਜਦ ਉਨ੍ਹਾਂ ਨੇ ਆਪਣੇ ਪਿਤਾ ਗੁਰਦੇਵ ਨਾਲੋਂ ਸਦਾ ਲਈ ਟੁੱਟੀ ਪਰਵਾਨ ਕੀਤੀ। ਗੁਰਦੇਵ ਜੀ ਨੇ ਸਾਡੀ ਖਾਤਰ ਨਿਰਦਈ ਹਕੂਮਤ ਨਾਲ ਟੱਕਰ ਲਈ, ਆਪਣਾ ਸਭ ਕੁਝ ਅਸਾਂ ਸਿੱਖਾਂ ਲਈ ਕੁਰਬਾਨ ਕਰ ਦਿਤਾ, ਜਗਤ ਦੇ ਸਾਰੇ ਸੁੱਖ ਤਿਆਗ ਦਿਤੇ, ਪਰ ਖਾਲਸਾ ਦੀ ਹੋਂਦ ਨੂੰ ਬਚਾਉਣ ਲਈ ਆਪਣੇ ਕਦਮਾਂ ਵਿਚ ਰਤਾ ਲਰਜ਼ਸ਼ ਨਹੀਂ ਆਉਣ ਦਿੱਤੀ, ਹਜ਼ੂਰ ਚਾਹੁੰਦੇ ਤਾਂ ਸਾਧਾਰਨ ਦਰਵੇਸ਼ ਵਾਂਗ, ਔਰੰਗਜ਼ੇਬ ਦੇ ਜ਼ੁਲਮਾਂ ਤੋਂ ਅੱਖਾਂ ਮੁੰਦ ਕੇ ਸੁਖ ਚੈਨ ਦਾ ਜੀਵਨ ਬਿਤਾਅ ਸਕਦੇ ਸਨ, ਪਰ ਉਨ੍ਹਾਂ ਨੇ ਸਾਡੀ ਬੇਗੈਰਤ ਭਰੀ ਜ਼ਿੰਦਗੀ ਵਿਚ ਅਣਖ ਦਾ ਜਜ਼ਬਾ ਉਤਪੰਨ ਕਰਨ ਲਈ ਆਪਣੇ ਪਰਉਪਕਾਰੀ ਮਿਸ਼ਨ ਵਿਚ ਤ੍ਰੇੜ ਨਹੀਂ ਆਉਣ ਦਿੱਤੀ। ਗੁਰਦੇਵ ਜੀ ਨੇ ਤਾਂ ਸਾਨੂੰ ਆਪਣੇ ਸਪੁੱਤਰ ਬਣਾਇਆ, ਪਰ ਅਫਸੋਸ, ਅਸੀਂ ਕਪੁੱਤਰ ਬਣ ਗਏ ਤੇ ਪਿਤਾ ਦੀ ਸਾਰ ਨ ਜਾਣੀ। ਅਸੀਂ ਵਿਛੜੇ ਨਹੀਂ, ਟੁੱਟੇ ਹਾਂ। ਅਸੀਂ ਕੇਵਲ ਮਨ-ਮੁਖ ਨਹੀਂ, ਬੇਮੁਖ ਬਣ ਗਏ ਹਾਂ। ਅਸੀਂ ਕੇਵਲ ਕੁਰਾਹੇ ਹੀ ਨਹੀਂ ਪਏ, ਸਗੋਂ ਪਿੱਠ ਦੇ ਆਏ ਹਾਂ। ਹੁਣ ਸਾਡੇ ਵਿਚ ਕੋਈ ਗੁਣ ਨਹੀਂ, ਜਿਹੜਾ ਸਾਨੂੰ ਕਲਗੀਧਰ ਪਾਤਸ਼ਾਹ ਤੋਂ ਬਖਸ਼ਸ਼ ਦੀ ਖ਼ੈਰ ਦਿਵਾ ਸਕੇ। ਹੁਣ ਇਹੋ ਹੀ ਫਬਦਾ ਹੈ ਕਿ ਜਿਸ ਸਰੀਰ ਦੀ ਸਲਾਮਤੀ ਲਈ ਅਸਾਂ ਸਤਿਗੁਰੂ ਨਾਲੋਂ ਰਿਸ਼ਤਾ ਤੋੜਿਆ ਹੈ, ਉਸ ਦੀ ਭੇਂਟ ਕਰ ਦੇਈਏ। ਇਸ ਤੋਂ ਤੋਂ ਵੱਧ ਹੋਰ ਕੋਈ ਪ੍ਰਾਸਚਿਤ ਨਹੀਂ।

ਭਾਈ ਮਹਾਂ ਸਿੰਘ ਤੇ ਉਨ੍ਹਾਂ ਦੇ ਸੰਗੀਆਂ ਦੇ ਹਿਰਦਿਆਂ ਵਿਚ ਪਰਵਾਨਿਆਂ ਵਾਂਗ ਮਰ-ਮਿਟਣ ਦਾ ਜਜ਼ਬਾ ਉਤਪੰਨ ਹੋਣਾ ਵੀ ਸਤਿਗੁਰੂ ਦੀ ਬਖਸ਼ਸ਼ ਦਾ ਕ੍ਰਿਸ਼ਮਾ ਸੀ, ਸਰਬ ਕਲਾ ਸਮਰੱਥ ਗੁਰੂ ਜੀ ਨੇ ਐਸੀ ਬਿਧ ਬਣਾਈ ਕਿ ਮਾਈ ਭਾਗੋ ਸਮੇਤ, ਉਨ੍ਹਾਂ ਸਭਨਾਂ ਸੂਰਬੀਰਾਂ ਨੇ ਖਿਦਰਾਣੇ ਦੀ ਢਾਬ ਤੇ ਮੋਰਚੇ ਜਾ ਜਮਾਏ ਅਤੇ ਮੁਗਲ ਸੈਨਾ ਨੂੰ ਸਤਿਗੁਰੂ ਵਲ ਵਧਣ ਤੋਂ ਰੋਕਣ ਲਈ ਸਿਰ ਧੜ ਦੀ ਬਾਜ਼ੀ ਲਾ ਦਿੱਤੀ।

ਅੰਤਰਜਾਮੀ ਗੁਰਦੇਵ ਜੀ ਜਾਣਦੇ ਸਨ ਕਿ ਟੁੱਟੀਆਂ ਬਾਹਾਂ ਨੇ ਇਕ ਦਿਨ ਗਲ ਨਾਲ ਜ਼ਰੂਰ ਲੱਗਣਾ ਹੈ ਤੇ ਭੁੱਲੀਆਂ ਭਟਕੀਆਂ ਰੂਹਾਂ ਨੇ ਖਿਮਾ ਪ੍ਰਾਪਤ ਕਰਨ ਲਈ ਅਮਲੀ ਕਾਰਨਾਮਾ ਕਰ ਵਿਖਾਉਣਾ ਹੈ, ਇਸੇ ਕਾਰਨ ਹਜ਼ੂਰ ਨੇ ਬੇਦਾਵੇ ਦਾ ਕਾਗਜ਼ ਆਪਣੇ ਪਾਸ ਸੰਭਾਲ ਰੱਖਿਆ ਸੀ। ਅੱਜ ਗਿਣਤੀ ਦੇ ਜੁਝਾਰੂ ਸਿੱਖਾਂ ਨੇ ਆਪਣੇ ਸਿਰ ਤੇ ਕਫਨ ਬੰਨ੍ਹਿਆ ਹੋਇਆ ਸੀ ਤੇ ਸਿੱਖੀ ਜਮਾਤ ਵਿਚ ਦੋਬਾਰਾ ਦਾਖ਼ਲਾ ਲੈਣਾ ਸੀ।

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥੧॥੧੮॥ [ਸੁਖਮਨੀ ਸਾਹਿਬ

ਜੀਅ-ਦਾਨ ਬਖ਼ਸ਼ਣ ਵਾਲਾ ਨਾਮ ਦਾ ਦਾਤਾ ਸਤਿਗੁਰੂ ਆਪਣੇ ਬਣ ਚੁਕੇ ਸਿੱਖਾਂ-ਸੇਵਕਾਂ ਦੀ ਸਦਾ ਸੰਭਾਲ ਕਰਦਾ ਹੈ ਅਤੇ ਦਇਆ ਕਰ ਕੇ ਉਨ੍ਹਾਂ ਦੀ ਖੋਟੀ ਮਤਿ ਦੂਰ ਕਰਦਾ ਹੈ। ਬਖਸ਼ਨਹਾਰ ਪਿਤਾ ਨੇ ਇਕ ਕੌਤਕ ਪਹਿਲਾਂ ਵੀ ਵਰਤਾਇਆ ਸੀ। ਕ੍ਰਿਪਾਲੂ ਗੁਰਦੇਵ ਜੀ ਨੇ ਭਾਈ ਜੋਗਾ ਸਿੰਘ ਦੀ ਦੁਰਮਤਿ ਮੈਲ ਹਰਨੀ ਸੀ, ਹਲਤ ਪਲਤ ਸਵਾਰਨਾ ਸੀ ਤੇ ਬੰਧਨਾਂ ਤੋਂ ਮੁਕਤ ਕਰਾਉਣਾ ਸੀ। ਜੋਗੇ ਨੇ ਆਪਣੇ ਆਪ ਨੂੰ ਸਤਿਗੁਰ ਜੋਗਾ ਆਖਿਆ ਸੀ ਤੇ ਹੁਕਮ ਦੀ ਪਾਲਣਾ ਕਰਕੇ ਸਤਿਗੁਰ ਜੋਗਾ ਬਣਨ ਦਾ ਰਾਹ ਗ੍ਰਹਿਣ ਵੀ ਕੀਤਾ ਸੀ। ਪਰ ਰਸਤੇ


www.AKJ.Org

ਵਿਚ ਹੰਕਾਰ ਦਾ ਜਾਦੂ ਚਲ ਗਿਆ, ਜਿਸ ਦੀ ਅਗਨੀ ਨੇ ਸੁਝ ਬੂਝ ਤੇ ਗਿਆਨ ਧਿਆਨ ਨੂੰ ਆਪਣੀ ਲਪੇਟ ਵਿਚ ਲੈ ਲਿਆ, ਅਤੇ ਨਿਰਮਲ ਬੁੱਧੀ ਭਰਿਸ਼ਟ ਕਰ ਦਿੱਤੀ। ਐਸੇ ਨਾਜ਼ਕ ਮੌਕੇ ਸਤਿਗੁਰੂ ਜੀ ਨੇ ਆਪਣਾ ਬਿਰਦ ਪਾਲਿਆ ਅਤੇ ਸਿਖ ਨੂੰ ਪਾਪ-ਕਰਮ ਤੋਂ ਬਚਾਉਣ ਲਈ ਵੇਸਵਾ ਦੇ ਦਰ ਤੇ ਪਹਿਰਾ ਦਿਤਾ। ਗੁਰ-ਫੁਰਮਾਨ ਹੈ–

ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ ॥ ਪਤਿਤ ਪਾਵਨ ਪ੍ਰਭ ਬਿਰਦ ਤੁਮ੍ਾਰੈ ॥੨॥੧੫॥ (੯੬੬)

ਅੱਜ ਸਤਿਗੁਰ ਜੀ ਦੇ ਗੁਮਰਾਹ ਹੋਏ ਬੱਚਿਆਂ ਨੇ ਬੇਵਫਾਈ ਦਾ ਦਾਗ ਧੋ ਦਿੱਤਾ। ਬੇਗਰਜ਼ ਸਿਪਾਹੀ ਬਣ ਕੇ ਸੱਚਾ ਮਾਰਗ ਅਪਣਾਇਆ ਤੇ ਬਹਾਦਰੀ ਦੇ ਉਹ ਜੌਹਰ ਦਿਖਾਏ ਕਿ ਮੁਗਲ ਸੈਨਾ ਵਿਚ ਇਕ ਵਾਰ ਤਾਂ ਭਾਜੜ ਪਾ ਦਿੱਤੀ। ਗਿਣਤੀ ਵਿਚ ਥੋੜੇ ਹੋਣ ਕਰਕੇ ਸਾਰੇ ਦੇ ਸਾਰੇ ਆਪਾ ਵਾਰ ਕੇ ਸੁਰਖ਼ਰੂ ਹੋ ਗਏ। ਸਤਿਗੁਰੂ ਜੀ ਆਪਣੇ ਜੁਝਾਰੂ ਸਿੱਖਾਂ ਦੀ ਮਦਦ ਲਈ ਬਹੁੜ ਪਏ ਸਨ ਅਤੇ ਇਕ ਉਚੀ ਟਿੱਬੀ ਤੋਂ ਤੀਰਾਂ ਦੀ ਵਰਖਾ ਕਰ ਕੇ ਦੁਸ਼ਟਾਂ ਦੋਖੀਆਂ ਦੀ ਅਲਖ ਮੁਕਾਅ ਰਹੇ ਸਨ। ਇਉਂ ਆਪਣੇ ਸੇਵਕਾਂ ਦੇ ਸਹਾਈ ਹੋਏ ਸਨ। ਜੰਗ ਖ਼ਤਮ ਹੋ ਗਈ ਤੇ ਮੁਗਲ ਸੈਨਾ ਪਾਣੀ ਨੂੰ ਤਰਸਦੀ ਮੋੜੇ ਪਾ ਗਈ।

ਇਸ ਜੰਗ ਤੋਂ ਬਾਅਦ ਸਤਿਗੁਰੂ ਜੀ ਅਥਾਹ ਭਾਵਕ ਹਿਰਦੇ ਨਾਲ, ਸਨੇਹ ਭਰੇ ਹੰਝੂਆਂ ਨਾਲ ਸ਼ਹੀਦ ਹੋਏ ਸਿੰਘਾਂ ਪਾਸ ਪੁਜੇ। ਉਨ੍ਹਾਂ ਨੂੰ ਗਲੇ ਲਗਾਇਆ, ਕਿਸੇ ਨੂੰ ਪੰਜ ਹਜ਼ਾਰੀ ਸਿੰਘ, ਕਿਸੇ ਨੂੰ ਦਸ ਹਜ਼ਾਰੀ ਸਿੰਘ ਦਾ ਖਿਤਾਬ ਦੇ ਕੇ ਪਰਲੋਕ ਦੀਆਂ ਬਾਦਸ਼ਾਹੀਆਂ ਬਖ਼ਸ਼ ਦਿੱਤੀਆਂ। ਭਾਈ ਮਹਾਂ ਸਿੰਘ ਅਜੇ ਸਹਿਕਦਾ ਸੀ, ਸ਼ਾਹਿ ਸ਼ਾਹਿਨਸ਼ਾਹ ਦੇ ਦਰਸ਼ਨ ਨੂੰ ਲੋਚਦਾ ਸੀ। ਸੰਸਾਰ ਛੱਡਣ ਤੋਂ ਪਹਿਲਾਂ ਬੱਜਰ ਭੁੱਲ ਬਖਸ਼ਵਾ ਕੇ ਜੁੜਨਾ ਚਾਹੁੰਦਾ ਸੀ, ਸੰਗੀਆਂ ਨੂੰ ਜੋੜਨਾ ਚਾਹੁੰਦਾ ਸੀ।

ਸਤਿਗੁਰੂ ਜੀ ਦਾ ਮਨ ਅਥਾਹ ਪ੍ਰੇਮ ਦੇ ਸਦਕੇ ਦ੍ਰਵਿਆ ਗਿਆ ਤੇ "ਖਾਲਸਾ ਮੇਰੀ ਜਾਨ ਕੀ ਜਾਨ" ਦਾ ਭਾਵ ਉੱਘੜ ਕੇ ਪ੍ਰਤੱਖ ਨਜ਼ਰ ਆਇਆ। ਹਜ਼ੂਰ ਨੇ ਖਿਮਾ ਕਰ ਕੇ ਭਾਈ ਮਹਾਂ ਸਿੰਘ ਨੂੰ ਆਪਣੀ ਗੋਦ ਵਿਚ ਲਿਆ, ਰੁਮਾਲ ਨਾਲ ਚਿਹਰਾ ਪੂੰਝਿਆ, ਉਦਾਸੀਆਂ ਤੇ ਦਰਸ-ਪਿਆਸੀਆਂ ਅੱਖੀਆਂ ਵਲ ਤੱਕਿਆ, ਰਹਿਮਤਾਂ ਦੇ ਝਰਨੇ ਵਗ ਤੁਰੇ ਤੇ ਤਪਦਾ ਹਿਰਦਾ ਸੀਤਲਤਾ ਨਾਲ ਭਰ ਦਿੱਤਾ।

ਜਿਸ ਧਰਤੀ ਤੇ ਸ਼ਹੀਦਾਂ ਦਾ ਖ਼ੂਨ ਡੁੱਲ੍ਹਿਆ, ਉਹ ਪਾਵਨ ਤੇ ਸੁਭਾਗੀ ਬਣ ਗਈ ਤੇ ਮੁਕਤਸਰ ਦੇ ਨਾਉਂ ਨਾਲ ਪ੍ਰਸਿੱਧ ਹੋਈ।

ਗੁਰਦੇਵ ਜੀ ਨੇ ਪਿਤਾ ਜੀ ਨੂੰ ਸ਼ਹਾਦਤ ਲਈ, ਖਿੜੇ-ਮੱਥੇ ਦਿੱਲੀ ਭੇਜਿਆ, ਵੱਡੇ ਸਾਹਿਬਜ਼ਾਦਿਆਂ ਨੂੰ ਜੰਗ ਵਿਚ ਜੂਝਦੇ ਤੱਕਿਆ, ਪਰ ਉਨ੍ਹਾਂ ਦੀ ਸ਼ਹਾਦਤ ਸਮੇਂ ਅੱਖਾਂ ਚੋਂ ਹੰਝੂ ਨਹੀਂ ਕੇਰੇ। ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣੀ ਤੇ ਇਸ ਘਟਨਾ ਨੂੰ ਅੰਮ੍ਰਿਤ ਸਮ ਪੀ ਕੇ ਅਕਾਲ ਪੁਰਖ ਦਾ ਕਰਜ਼ਾ ਉਤਾਰਿਆ ਤੇ ਸ਼ੁਕਰ ਮਨਾਇਆ। ਅੱਜ ਗੁਰਸਿੱਖੀ ਪ੍ਰੀਤਿ ਦੇ ਜਜ਼ਬੇ ਨੂੰ ਅਰਸ਼ਾਂ ਤੱਕ ਪੁੱਜਾ ਤੱਕ, ਸਾਹਿਬ ਦੀਆਂ ਅੱਖਾਂ ਤਰ-ਬ-ਤਰ ਹੋ ਗਈਆਂ। ਕਿੰਨਾ ਮਾਣ ਸੀ ਅੱਜ ਸਤਿਗੁਰੂ ਜੀ ਨੂੰ ਆਪਣੇ ਗੁਰਸਿਖਾਂ ਉੱਤੇ, ਜਿਨ੍ਹਾਂ ਨੇ ਬੇਮਿਸਾਲ ਬਲੀਦਾਨ ਦੇ ਕੇ ਆਪਣੀ ਟੁੱਟੀ ਗੰਢਵਾ ਲਈ।

ਪਿਆਰ ਤਾਂ ਗੁਰਸਿੱਖਾਂ ਦਾ ਵੀ ਘੱਟ ਨਹੀਂ ਹੁੰਦਾ, ਪਰ ਸਤਿਗੁਰੂ ਦੀ ਪ੍ਰੀਤਿ ਬਹੁਤ ਪ੍ਰਬਲ ਤੇ ਪ੍ਰਭਾਵਸ਼ਾਲੀ ਹੈ। ਇਸ ਪਰਸਪਰ ਖਿਚ ਸਦਕਾ ਹੀ ਥਿੜਕੇ ਹੋਏ ਗੁਰਸਿਖ ਵੀ ਸਤਿਗੁਰੂ ਤੋਂ ਆਪਣਾ ਆਪ ਕੁਰਬਾਨ ਕਰ ਗਏ। ਮਹਾਂ ਸਿੰਘ ਦੀ ਜੋਦੜੀ ਨੂੰ ਪਰਵਾਨਗੀ ਦਾ ਫਲ ਬਖਸ਼ਦਿਆਂ, ਦਾਤਾਰ ਪਿਤਾ ਨੇ ਆਪਣੇ ਕਮਰਕੱਸੇ ਵਿਚੋਂ ਬੇਦਾਵੇ ਦਾ ਕਾਗਜ਼ ਕੱਢਿਆ ਤੇ ਉਸ ਦੇ ਸਾਹਮਣੇ ਟੁਕੜੇ ਟੁਕੜੇ ਕਰ ਦਿੱਤਾ।

ਭਾਈ ਮਹਾਂ ਸਿੰਘ ਦੀਆਂ ਅੰਤਮ ਸਮੇਂ ਸਾਰੀਆਂ ਸਿੱਕਾਂ ਪੂਰਨ ਹੋ ਗਈਆਂ। ਉਹ ਪ੍ਰੀਤਮ ਪਿਆਰੇ ਦੇ ਸਾਂਗੋ ਪਾਂਗ ਦੀਦਾਰ ਕਰ ਕੇ ਨਿਹਾਲੋ ਨਿਹਾਲ ਹੋ ਗਿਆ। ਬੇਦਾਵੇ ਦਾ ਕਾਗਜ਼ ਫਟ ਜਾਣ ਤੇ ਉਸ ਦੇ ਤਪਦੇ ਹਿਰਦੇ ਨੂੰ ਪੂਰਨ ਟਿਕਾਉ ਪ੍ਰਾਪਤ ਹੋ ਗਿਆ। ਸਰੀਰ ਸਦਾ ਲਈ ਸ਼ਾਂਤ ਹੋ ਗਿਆ ਤੇ ਆਤਮਾ ਅਮਰ ਜੀਵਨ ਦੇ ਮੰਡਲ ਵਿਚ ਪਰਵੇਸ਼ ਕਰ ਗਈ।


www.AKJ.Org

# "ਇਹੁ ਮਨੂਆ ਕਿਉਕਰਿ ਵਸਿ ਆਵੈ" ?

"ਮਹਾਨ ਕੋਸ਼" ਅਨੁਸਾਰ 'ਮਨ' ਦੇ ਅਰਥ ਦਿਲ, ਅੰਤਹਕਰਣ, ਜੀਵਾਤਮਾ ਆਦਿ ਹਨ। ਮਨੋਵਿਗਿਆਨ ਅਨੁਸਾਰ 'ਮਨ' ਤੇ 'ਆਤਮਾ' ਵਿਚ ਕੋਈ ਅੰਤਰ ਨਹੀਂ।

'ਆਤਮਾ' ਸੰਸਕ੍ਰਿਤ ਦੇ ਸ਼ਬਦ 'ਆਤਮਕ' ਤੋਂ ਨਿਕਲਿਆ ਹੈ ਤੇ 'ਮਨ' ਦਾ ਸ਼ਬਦ 'ਮਨਸ' ਤੋਂ ਬਣਿਆ ਹੈ। ਮਨ ਲਈ ਚਿੱਤ ਤੇ ਹਿਰਦਾ ਸ਼ਬਦਾਂ ਦਾ ਪ੍ਰਯੋਗ ਵੀ ਕਰ ਲਿਆ ਜਾਂਦਾ ਹੈ।

ਵੇਦਾਂਤ ਅਨੁਸਾਰ ਪਰਖਣ ਜਾਂ ਪਛਾਣਨ ਵਾਲੀ ਸ਼ਕਤੀ ਦਾ ਨਾਂ 'ਮਨ' ਹੈ। ਇਸ ਦਾ ਸੰਬੰਧ ਚੇਤਨਤਾ ਤੇ ਗਿਆਨ-ਸੂਚਨਾ ਨਾਲ ਹੁੰਦਾ ਹੈ ਤੇ ਹਰਖ-ਸੋਗ ਇਸ ਦੇ ਗੁਣ ਹੁੰਦੇ ਹਨ।

'ਯੋਗ-ਫ਼ਲਸਫ਼ਾ' ਵੀ ਮਨ ਨੂੰ ਇਸੇ ਤਰ੍ਹਾਂ ਹੀ ਸਮਝਦਾ ਹੈ, ਪਰ 'ਸਾਂਖ-ਦਰਸ਼ਨ' ਅਨੁਸਾਰ ਮਨ ਨੂੰ ਝਰਨਾਟ, ਸੰਵੇਦਨਾ ਜਾਂ ਹਿੱਸ (*Sensation*) 'ਤੇ ਪ੍ਰਤੱਖ (*Perceptions*) ਗਿਆਨ ਦਾ ਮਾਧਿਅਮ ਮੰਨਿਆ ਗਿਆ ਹੈ।

'ਨਿਆਇ' ਵਾਲੇ ਮਨ ਨੂੰ ਮਾਦੀ ਜਾਂ ਪਦਾਰਥਕ ਵਸਤੂ ਮੰਨਦੇ ਹਨ। ਉਨ੍ਹਾਂ ਅਨੁਸਾਰ ਮਨ ਇਕ ਪ੍ਰਕਾਰ ਦਾ ਆਕਾਸ਼ ਜਾਂ (*Ether*) ਦਾ ਪ੍ਰਮਾਣੂ ਹੈ, ਜਿਹੜਾ ਹੋਰ ਪ੍ਰਮਾਣੂਆਂ ਵਾਂਗ ਸਦਾ ਰਹਿਣ ਵਾਲਾ ਹੈ ਤੇ ਆਪਣਾ ਰੰਗ-ਰੂਪ ਵਟਾਂਦਾ ਰਹਿੰਦਾ ਹੈ।

"ਬੋਧੀ" ਮਨ ਨੂੰ ਬਾਕੀ ਪੰਜ-ਇੰਦ੍ਰਿਆਂ ਵਾਂਗ ਹੀ ਛੇਵਾਂ ਇੰਦ੍ਰਯ ਮੰਨਦੇ ਹਨ।

ਇਹ ਸਭ ਸ੍ਰੇਣੀਆਂ 'ਮਨ' ਨੂੰ ਸੁਭਾਵਕ ਤੌਰ ਤੇ ਆਤਮਾ ਤੋਂ ਵੱਖਰੀ ਵਸਤੂ ਮੰਨਦੀਆਂ ਹਨ।

"**ਸਿੱਖ ਫ਼ਲਸਫ਼ਾ**" ਮਨ ਤੇ ਆਤਮਾ ਨੂੰ ਇਕੋ ਚੀਜ਼ ਜਾਂ ਇਕੋ ਚੀਜ਼ ਦੀਆਂ ਦੋ ਵੱਖ-ਵੱਖ ਹਾਲਤਾਂ ਮੰਨਦਾ ਹੈ। ਸਿੱਖ-ਸਿਧਾਂਤ ਅਨੁਸਾਰ 'ਮਨ' ਸ਼ਬਦ ਉਤਮ ਤੇ ਨੀਚ ਦਸ਼ਾ ਜਾਂ ਆਤਮਿਕ ਤੇ ਮਾਦੀ ਦਸ਼ਾ ਲਈ ਵਰਤਿਆ ਗਿਆ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ–'ਮਨ ਪੰਛੀ ਵਾਂਗ ਹੈ, ਕਰਮਾਂ ਦਾ ਬੱਧਾ ਕਦੀ ਉੱਚਾ ਉੱਡਦਾ ਹੈ, ਕਦੀ ਹੇਠਾਂ ਢਹਿ ਪੈਂਦਾ ਹੈ। ਕਦੀ ਇਸ ਵਿਚੋਂ ਚੰਦਨ ਦੀ ਸੁਗੰਧੀ ਆਉਂਦੀ ਹੈ, ਕਦੇ ਅੱਕ ਦੀ ਵਿਹੁ ਨਿਕਲਦੀ ਹੈ :

–ਮਤਿ ਪੰਖੇਰੂ ਕਿਰਤੁ ਸਾਥ ਕਬ ਉਤਮ ਕਬ ਨੀਚ ॥
ਕਬ ਚੰਦਨ ਕਬ ਅਕਿ ਡਾਲਿ ਕਬ ਉਚੀ ਪਰੀਤਿ ॥੨॥੨੧॥ [ਮਾਝ ਵਾਰ, ਮ: ੧, ਪੰਨਾ ੧੪੭
–ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥੪੮॥ (ਰਾਮਕਲੀ ਮ: ੧, ਪੰਨਾ ੮੭੬

ਇਕ ਹੋਰ ਥਾਂ ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਹੈ ਕਿ ਕਦੀ ਮਨ ਪਰਮਾਤਮਾ ਨਾਲ ਇਕ-ਮਿੱਕ ਹੁੰਦਾ ਹੈ ਕਦੇ ਮੂਰਖ ਮਨ ਭੋਗ ਭੋਗਦਾ ਹੈ। ਕਦੇ ਮਨ ਸਖੀ-ਦਾਤਾ ਹੈ, ਕਦੇ ਮੰਗਤਾ :–

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ ॥
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥੨॥੧੦॥ (ਪ੍ਰਭਾਤੀ ਮਹਲਾ ੧–੧੩੩੦)

ਕਬੀਰ ਸਾਹਿਬ ਵੀ 'ਬਾਵਨ ਅਖਰੀ' ਚਿ ਫ਼ੁਰਮਾਂਦੇ ਹਨ ਕਿ ਮਨ ਹੀ ਉਸਾਰੂ ਸ਼ਕਤੀ ਤੇ ਮਨ ਹੀ ਉਲਾਰੂ ਹੈ। ਇਹ ਮਨ ਪੰਜ-ਭੂਤਕ ਜੀਵ ਹੈ। ਜੇ ਇਹ ਗਿਆਨ-ਅਵਸਥਾ ਵਿਚ ਟਿੱਕ ਜਾਏ ਤਾਂ ਤਿੰਨਾਂ ਲੋਆਂ ਦਾ ਭੇਦ ਦੱਸਣ ਦੇ ਸਮਰੱਥ ਹੋ ਜਾਂਦਾ ਹੈ :

ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥
ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥
(ਗਉੜੀ ਪੂਰਬੀ, ਪੰਨਾ ੩੪੨)



www.AKJ.Org

ਜਦ ਮਨ ਪਰਮਾਤਮਾ ਨਾਲ ਇਕ-ਮਿੱਕ ਹੋ ਜਾਏ ਤਾਂ ਇਸਦੀ ਸ਼ਕਤੀ ਬੇਅੰਤ ਹੋਣ ਕਰਕੇ ਇਹ ਈਸ਼ਵਰ ਰੂਪ ਹੀ ਹੋ ਜਾਂਦਾ ਹੈ। ਗਉੜੀ ਸੁਖਮਨੀ ਵਿਚ ਪੰਚਮ ਪਾਤਸ਼ਾਹ ਫ਼ੁਰਮਾਂਦੇ ਹਨ :

ਮਨ ਮਹਿ ਆਪਿ ਮਨ ਅਪੁਨੇ ਮਾਹਿ ॥੭॥੧੨॥

ਇਹ ਮਨ ਚੰਚਲ ਵੀ ਹੈ। ਇਸਦੀ ਚੰਚਲਤਾ ਬਾਰੇ ਧਿਆਨ ਕਰਦਿਆਂ ਗੁਰੂ ਰਾਮਦਾਸ ਜੀ ਨੇ ਬਹੁਤ ਸੁੰਦਰ ਉਲੇਖ ਕੀਤਾ ਹੈ। ਉਹ ਕਹਿੰਦੇ ਹਨ, ਸਰੀਰ ਇਕ ਨਗਰ ਸਮਾਨ ਹੈ। ਇਸ ਵਿਚ ਮਨ ਇਕ ਬਾਲਕ ਵਾਂਗ ਵੱਸਦਾ ਹੈ, ਜਿਵੇਂ ਬਾਲਕ ਨਿਚੱਲਾ ਹੋ ਕੇ ਜਾਂ ਟਿੱਕ ਕੇ ਨਹੀਂ ਬੈਠ ਸਕਦਾ, ਤਿਵੇਂ ਹੀ ਮਨ ਦੀ ਹਾਲਤ ਹੈ। ਅਨੇਕ ਜਤਨ ਕਰਨ ਦੇ ਬਾਵਜੂਦ ਵੀ ਉਹ ਬਾਰ-ਬਾਰ ਭਰਮ-ਭੁਲੇਖੇ ਵਿਚ ਪਿਆ ਭਟਕਦਾ ਰਹਿੰਦਾ ਹੈ। ਸਤਿਗੁਰੂ ਜੀ ਦਾ ਕਥਨ ਹੈ :

ਕਾਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥
ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰਬਾਰ ਭਰਮਾਈ ॥੧॥

[ਬਸੰਤੁ ਹਿੰਡੋਲ ਮ: ੪–੧੧੯੧

ਗੁਰੂ ਅਮਰਦਾਸ ਜੀ ਨੇ ਵੀ ਮਨ ਨੂੰ "ਚੰਚਲ" ਕਹਿ ਕੇ ਸੰਬੋਧਨ ਕੀਤਾ ਹੈ :

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥੧੦॥ (ਅਨੰਦੁ ਸਾਹਿਬ)

ਮਨੁੱਖੀ ਮਨ ਆਪਣੀਆਂ ਅਨੇਕਾਂ ਉਮੰਗਾਂ-ਤਰੰਗਾਂ ਕਾਰਨ ਚੰਚਲ ਨਜ਼ਰ ਆਉਂਦਾ ਹੈ। ਵਿਸ਼ੇ-ਵਿਕਾਰ, ਕਾਮਨਾਵਾਂ, ਆਸ਼ਾਵਾਂ ਉਸਦੇ ਯਾਰ-ਬੇਲੀ ਹਨ। ਇਨ੍ਹਾਂ ਰੁਚੀਆਂ ਸਦਕਾ ਹੀ ਮਨ 'ਚਿ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਉਤਪੰਨ ਹੁੰਦੇ ਹਨ। ਕਈ ਸੰਸੇ ਫੁਰਦੇ ਹਨ ਤੇ ਉਹ ਡਕੋ-ਡੋਲੇ ਖਾਂਦਾ ਹੈ, ਡਾਵਾਂ-ਡੋਲ ਹੁੰਦਾ ਹੈ, ਸਥਿਰ ਨਹੀਂ ਰਹਿੰਦਾ। ਇਸ ਤਰ੍ਹਾਂ ਅੰਦਰਲੇ ਬਾਹਰਲੇ ਪ੍ਰਤਿਕਰਮਾਂ ਦੇ ਪ੍ਰਭਾਵਾਂ ਤੇ ਵਿਚਾਰਾਂ ਕਰਕੇ, ਕਦੇ ਤਾਂ ਮਨ ਨੱਚਦਾ-ਟੱਪਦਾ ਫਿਰਦਾ ਹੈ, ਚੰਚਲ-ਅਵਸਥਾ ਵਿਚ ਹੁੰਦਾ ਹੈ ਤੇ ਕਦੇ ਢਿੱਲਾ-ਮੱਠਾ, ਆਲਸੀ ਤੇ ਢਹਿੰਦੀਆਂ ਕਲਾਂ 'ਚਿ ਚਲਾ ਜਾਂਦਾ ਹੈ। ਐਸੀ ਦਸ਼ਾ 'ਚਿ ਉਹ ਬੁਰੇ ਭਲੇ ਦੀ ਪਛਾਣ ਕਰਨ ਦਾ ਯਤਨ ਤਾਂ ਕਰਦਾ ਹੈ, ਪਰ ਆਮ ਕਰਕੇ ਇਹ ਜਤਨ ਨਿਸਫਲ ਹੀ ਰਹਿੰਦੇ ਹਨ, ਕਿਉਂਕਿ ਮਨ ਦਾ ਹਨੇਰਾ ਇਹ ਜਤਨ ਸਫਲ ਨਹੀਂ ਹੋਣ ਦਿੰਦਾ ਤੇ ਮਨੁੱਖ ਨੂੰ ਉਲਝਣਾਂ 'ਚੋਂ ਨਿਕਲਣ ਦਾ ਕੋਈ ਰਾਹ ਹੀ ਨਹੀਂ ਲੱਭਦਾ। ਮਨ ਦੀ ਇਸੇ ਅਵਸਥਾ ਕਰਕੇ ਕਈ ਵਾਰ ਮਨੁੱਖ ਇਹ ਮਹਿਸੂਸ ਕਰਨ ਲੱਗ ਪੈਂਦਾ ਹੈ ਕਿ ਮੈਂ ਤਾਂ ਪੂਰਨ-ਜੋਤਿ ਦਾ ਕੇਵਲ ਇੱਕ ਤੁੱਛ ਜਿਹਾ ਪ੍ਰਛਾਵਾਂ ਹੀ ਹਾਂ।

ਗੁਰੂ ਨਾਨਕ ਸਾਹਿਬ ਨੇ ਇਸ ਅਵਸੱਥਾ ਦਾ ਉਲੇਖ ਸੋਰਠਿ ਰਾਗ ਦੇ ਇਕ ਸ਼ਬਦ ਵਿਚ ਕੀਤਾ ਹੈ—

ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥੨॥੫॥ (ਪੰਨਾ ੫੯੭)

ਹਾਂ, ਜੇ ਮਨ ਦਾ ਭਰਮ ਮਿੱਟ ਜਾਏ ਤਾਂ ਮਨ ਭਟਕਣ ਤੋਂ ਬਚ ਜਾਂਦਾ ਹੈ। ਫੇਰ ਭੰਬਲ-ਭੂਸੇ ਨਹੀਂ ਖਾਂਦਾ। ਇਸ ਹਾਲਤ ਵਿਚ ਸੱਚ ਦੀ ਪਛਾਣ ਹੋ ਜਾਂਦੀ ਹੈ। ਗੁਰੂ ਅਮਰਦਾਸ ਜੀ ਦਾ ਕਥਨ ਹੈ—

ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ਰਹਾਉ॥

(ਭੈਰਉ ਮ: ੫–੧੧੨੮-੨੯)

ਕਬੀਰ ਸਾਹਿਬ ਨੇ ਵੀ ਕਿਹਾ ਹੈ–

ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥

(ਗਉੜੀ ਗੁਆਰੇਰੀ–੩੩੦)

ਸੱਚ ਦੀ ਪਛਾਣ ਉਹ ਹੀ ਕਰ ਸਕਦਾ ਹੈ, ਜਿਸ ਦੇ ਅੰਦਰ ਭਰਮ-ਭੁਲੇਖੇ ਦੀ ਕੋਈ ਗੁੰਜਾਇਸ਼ ਨਾ ਰਹਿ ਗਈ ਹੋਵੇ।



www.AKJ.Org

ਇਸ ਤੋਂ ਸਪੱਸ਼ਟ ਹੋ ਗਿਆ ਕਿ ਗੁਰਮਤਿ ਅਨੁਸਾਰ ਜੀਵ-ਆਤਮਾ ਮਨੁਖੀ-ਹਸਤੀ ਦਾ ਉਹ ਚੇਤਨ-ਆਪਾ ਹੈ, ਜੋ ਨਿਰੋਲ ਰੂਪ ਵਿਚ ਅਚੱਲ ਰਹਿੰਦਾ ਹੈ। ਪਰ ਦ੍ਰਿਸ਼ਟਮਾਨ ਵਸਤੂਆਂ, ਜੋ ਛਿਨ ਭੰਗਰ ਹੁੰਦੀਆਂ ਹਨ ਤੇ ਚਲਾਇਮਾਨ ਘਟਨਾਵਾਂ ਜੀਵ-ਆਤਮਾ ਨੂੰ ਨਿੱਜ ਦੀ ਸੋਝੀ ਤੋਂ ਅਵੇਸਲਾ ਕਰ ਦਿੰਦੀਆਂ ਹਨ ਤੇ ਉਹ ਵਿਰੋਧੀ ਵਸਤੂਆਂ ਦੇ ਪੰਜੇ ਵਿਚ ਫੱਸ ਜਾਂਦਾ ਹੈ।

ਬੜੇ ਬੜੇ ਮੁਨੀਆਂ, ਜੋਗੀਆਂ, ਸ਼ੇਖਾਂ, ਸਾਧਿਕਾਂ, ਮੋਨ-ਧਾਰੀਆਂ ਨੇ ਵੀ ਇਸ ਮਨ ਦੀ ਥਾਹ ਨਹੀਂ ਪਾਈ। ਕਬੀਰ ਜੀ ਨੇ ਗੱਜ-ਵੱਜ ਕੇ ਕਿਹਾ ਹੈ—

ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਇਸ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੈ ਕਬੀਰਾ ॥੯॥੧॥੩੬॥
(ਗਉੜੀ ਕਬੀਰ ਜੀ, ਪੰਨਾ ੩੩੦)

ਜੇਕਰ ਮਤਿ ਪਾਪਾਂ ਨਾਲ ਗਲੀਜ਼ ਹੋ ਜਾਵੇ ਤਾਂ ਉਸ ਨੂੰ ਸਾਬਣ ਸ਼ਰਫ ਤੇ ਹੋਰ ਮੈਲ-ਕੱਟ ਵਸਤੂਆਂ ਸੁਛ ਨਹੀਂ ਕਰ ਸਕਦੀਆਂ। ਕੇਵਲ ਉਹ "ਨਾਮ ਦੇ ਰੰਗ" ਨਾਲ ਹੀ ਸਾਫ ਹੁੰਦੀ ਹੈ, ਤਿਵੇਂ ਹੀ ਜੇ ਮਨ ਮੈਲਾ ਹੋ ਜਾਵੇ ਤਾਂ ਉਹ ਸਰੀਰ ਧੋਤਿਆਂ ਸਾਫ ਨਹੀਂ ਹੁੰਦਾ। ਜਗਤ ਦੇ ਲੋਕ ਭਰਮਾਂ 'ਚਿ ਫਸੇ, ਬਾਹਰਲੇ ਯਤਨ ਕਰਦੇ ਫਿਰਦੇ ਹਨ। ਇਸ ਪ੍ਰਥਾਇ ਗੁਰੂ ਅਮਰਦਾਸ ਜੀ ਦਾ ਕਥਨ ਹੈ—

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥ (ਵਡਹੰਸ, ਪੰਨਾ ੫੫੮)

ਭਰਮਾਂ ਵਿਚ ਭੁਲੇ ਮਨ ਨੂੰ ਨਿਰੇ ਆਪਣੇ ਜਤਨਾਂ ਨਾਲ ਸੋਝੀ ਨਹੀਂ ਆ ਸਕਦੀ, ਨਾ ਹੀ ਇਸ ਦੀ ਪਛਾਣ ਹੋ ਸਕਦੀ ਹੈ। ਮਾਇਆ-ਜਾਲ ਦੀ ਫਾਹੀ ਵਿਚੋਂ ਨਿਕਲਣਾ ਮਨੁੱਖ ਦੇ ਆਪਣੇ ਵਸ ਦੀ ਗੱਲ ਨਹੀਂ। ਲੋੜ ਹੈ ਭਰਮ ਮਿਟਾਅ ਕੇ ਖੋਜਣ ਦੀ ਅਤੇ ਹੁਕਮ ਪਛਾਨਣ ਦੀ, ਤਦੇ ਹੀ ਮਨ ਦੀ ਇਸ ਗੁਹਜ ਸਥਿਤੀ ਦੀ ਸਮਝ ਪੈ ਸਕਦੀ ਹੈ। ਇਹ ਸਮਝ ਸਤਿਗੁਰੂ ਦੇ ਆਗਿਆਕਾਰੀ ਉਸੇ ਗੁਰਸਿਖ ਨੂੰ ਆ ਸਕਦੀ ਹੈ, ਜੋ ਪ੍ਰੇਮਾ ਭਗਤੀ ਦੁਆਰਾ ਹਉਮੈ ਦਾ ਤਿਆਗ ਕਰ ਦੇਵੇ। ਗੁਰੂ ਅਮਰਦਾਸ ਜੀ ਦੇ ਸ਼ਬਦਾਂ ਵਿਚ—

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਧਾਰੀ ਰਹੇ ਲਿਵ ਲਾਇ, ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥੨੪॥।
[ਮਾਝ ਮ: ੩, ਪੰਨਾ ੧੨੪

ਸਤਿਗੁਰੂ ਦਾ ਅਨੁਸਾਰੀ ਹੋਇਆਂ, ਹੁਕਮੀ ਬੰਦਾ ਬਣਿਆਂ ਹੀ ਸਤਿਗੁਰੂ ਦੀ ਮਿਹਰ ਨਾਲ ਮਨ ਦੀ ਸੋਝੀ ਹੋ ਸਕਦੀ ਹੈ। ਅਨਿਕ ਪ੍ਰਕਾਰੀ ਸਾਧਨਾ ਕਰਨ ਨਾਲ, ਮੋਨ ਧਾਰਿਆਂ ਜਾਂ ਸਮਾਧੀਆਂ ਲਾਉਣ ਨਾਲ ਇਹ ਮਨ ਵਸ ਨਹੀਂ ਕੀਤਾ ਜਾ ਸਕਦਾ। ਹੋਰ ਕਿਸੇ ਹੀਲੇ ਜਾਂ ਜਤਨ ਨਾਲ ਕਾਬੂ ਨਹੀਂ ਆ ਸਕਦਾ, ਕੇਵਲ ਸਤਿਗੁਰੂ ਦੀ ਪੂਰਨ ਕਿਰਪਾ ਹੋਵੇ ਤਾਂ ਹੀ ਗੱਲ ਬਣ ਸਕਦੀ ਹੈ। ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ—

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥੧੦—ਸਲੋਕ॥ (ਪੰਨਾ ੨੯੮)

ਗੁਰਬਾਣੀ ਨੂੰ ਜੀਵਨ ਦਾ ਆਸਰਾ ਬਣਾ ਕੇ ਹੀ ਗੁਰੂ ਦੇ ਗਿਆਨ ਦੀ ਅਤੇ ਹੁਕਮ ਕਮਾਉਣ ਦੀ ਸਮਝ ਆ ਸਕਦੀ ਹੈ, ਤਦੇ ਹੀ ਗੁਰੂ ਰਾਮਦਾਸ ਜੀ ਆਪਣੀ ਪਿਆਰ-ਵੇਦਨਾ ਇਉਂ ਦਰਸਾ ਰਹੇ ਹਨ—

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥


www.AKJ.Org

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥
ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥
ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥ (ਪੰਨਾ ੭੫੯)

'ਗੁਰਬਾਣੀ' ਸਤਿਗੁਰੂ ਦੀ ਅਤੇ ਨਾਮ ਦੀ ਸੋਝੀ ਬਖਸ਼ਦੀ ਹੈ। ਗੁਰੂ ਦਾ ਗਿਆਨ ਗੁਰ-ਉਪਦੇਸ਼ ਹੈ, ਗੁਰ-ਦੀਖਿਆ ਹੈ, ਗੁਰੂ ਤੋਂ ਨਾਮ-ਗੁਰ-ਮੰਤਰ ਦੀ ਪ੍ਰਾਪਤੀ ਕਰਨਾ ਹੈ। ਸਤਿਗੁਰੂ ਗੁਰ-ਦੀਖਿਆ ਦੇ ਕੇ ਨਾਮ ਦੀ ਕਮਾਈ ਕਰਨ ਦਾ ਹੁਕਮ ਦੇਂਦਾ ਹੈ। ਅਤੇ ਇਸੇ ਨਾਮ ਦੀ ਕਮਾਈ ਕਰਨ ਨਾਲ, ਸੁਆਸ ਸੁਆਸ ਸਿਮਰਨ ਨਾਲ ਸਤਿਗੁਰੂ ਦਾ ਹੁਕਮੀ ਬੰਦਾ ਹੋ ਸਕੀਦਾ ਹੈ। ਫ਼ੁਰਮਾਨ ਹੈ–

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥
(ਸਿਰੀਰਾਗੁ ਮ: ੧, ਪੰਨਾ ੭੨)

'ਉਠਤ ਬੈਠਤ ਸੋਵਤ ਨਾਮ' ਦੀ ਕਾਰ ਕਰਦਿਆਂ ਹੀ ਮਨ ਨੂੰ ਪਰਬੋਧਿਆ ਜਾ ਸਕਦਾ ਹੈ, ਕੇਵਲ ਇਸ ਤਰ੍ਹਾਂ ਹੀ ਦਸੀਂ ਪਾਸੀਂ ਦੌੜਦਾ ਮਨ ਇਕ ਥਾਂ ਟਿਕਦਾ ਹੈ—

ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹਦਿਸਿ ਧਾਵਤ ਆਵੈ ਠਾਇ ॥੩॥੧੯॥ [ਸੁਖਮਨੀ ਸਾਹਿਬ

ਜਿਵੇਂ ਅਥਰਾ ਹਾਥੀ ਮਹਾਵਤ ਦੇ ਕੁੰਡੇ ਬਿਨਾਂ ਕਾਬੂ ਨਹੀਂ ਆਉਂਦਾ, ਤਿਵੇਂ ਹੀ ਮਨ ਵੀ 'ਗੁਰੂ ਦੇ ਗਿਆਨ' ਰੂਪੀ ਕੁੰਡੇ ਬਿਨਾ ਨਹੀਂ ਰਹਿ ਸਕਦਾ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ–

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ, ਜਹ ਖਿੰਚੇ ਤਹ ਜਾਇ ॥
ਨਾਨਕ ਹਸਤੀ ਕੁੰਡੇ ਬਾਹਰਾ, ਫਿਰਿ ਫਿਰਿ ਜੋਨੀ ਪਾਇ ॥੨॥੨੦॥ (ਪੰਨਾ ੫੧੬)

(ਪੀਲਕ) ਮਹਾਵਤ ਸਤਿਗੁਰੂ ਪਾਸ ਗਿਆਨ (ਨਾਮ-ਗੁਰ-ਮੰਤਰ) ਦਾ ਕੁੰਡਾ ਹੈ। ਇਸ ਗਿਆਨ-ਕੁੰਡੇ ਨੇ ਹੀ ਮਨ ਨੂੰ ਪਰਬੋਧਣਾ ਹੈ, ਕਾਬੂ ਕਰਨਾ ਹੈ। ਨਾਮ ਦੇ ਕੁੰਡੇ ਤੋਂ ਬਿਨਾਂ ਹਾਥੀ ਵਾਂਗ ਅਥਰਾ ਤੇ ਅਮੋੜ ਮਨ ਬੇ-ਕਾਬੂ ਹੁੰਦਾ ਹੈ ਅਤੇ ਬੁਰਿਆਈਆਂ ਚਿਤਾਰ ਚਿਤਾਰ ਕੇ ਜਨਮ ਬਿਰਥਾ ਗੁਆਂਦਾ ਅਤੇ ਫਿਰ ਫਿਰ ਜਨਮ-ਜੋਨੀਆਂ ਵਿਚ ਭਟਕਾਂਦਾ ਹੈ। ਤਾਂ ਤੇ ਬੁਰਿਆਈਆਂ ਵਲ ਧਾਂਵਦੇ ਇਸ ਖੋਟੇ ਮਨ ਨੇ ਸਤਿਗੁਰੂ ਅਰਜਨ ਦੇਵ ਜੀ ਸੰਬੋਧਨ ਕਰ ਕੇ ਕਹਿੰਦੇ ਹਨ ਕਿ ਹੇ ਮਹਾ-ਮੋਹਨੀ ਮਾਇਆ ਦੇ ਮੋਹੇ ਹੋਏ ਮਨ, ਤੇਰੇ ਤੇ ਭਰੋਸਾ ਕਰ ਕੇ ਕੌਣ ਕੌਣ ਨਹੀਂ ਡਿਗਿਆ ਜਾਂ ਖੁਆਰ ਹੋਇਆ। ਮਨ ਨੂੰ ਖਰਮਸਤੀਆਂ ਕਰਨ ਵਾਲੇ ਖੋਤੇ ਵਾਂਗ ਕਿਹਾ ਹੈ ਕਿ ਉਸ ਦਾ ਪੈਖੜ ਤਦ ਹੀ ਖੋਲ੍ਹੀਦਾ ਹੈ, ਜਦੋਂ ਉਸ ਤੇ ਭਾਰ ਲੱਦ ਦਿਤਾ ਜਾਂਦਾ ਹੈ। ਇਸੇ ਤਰ੍ਹਾਂ ਮਨ ਨੂੰ ਨਾਮ-ਸਿਮਰਨ ਨਾਲ ਹਰ ਵੇਲੇ ਲੱਦੀ ਰਖਣ ਦੀ ਲੋੜ ਹੈ, ਨਹੀਂ ਤਾਂ ਖਰਮਸਤੀਆਂ ਕਰੇਗਾ। ਗੁਰ ਹੁਕਮ ਹੈ—

ਕਵਨੁ ਕਵਨੁ ਨਹੀ ਪਤਰਿਆ ਤੁਮ੍ਰੀ ਪਰਤੀਤਿ ॥
ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥੧॥
ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥
ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥੧॥ਰਹਾਉ॥੫੮॥ (ਪੰਨਾ ੮੧੫)

'ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ' ਹੋਈ ਹੈ। ਇਹ ਮੈਲ ਸਹਿਜੇ ਹੀ ਧੋਤੀ ਜਾਣ ਵਾਲੀ ਨਹੀਂ। ਇਸ ਮੈਲ ਨੂੰ ਧੋਣ ਲਈ ਲਗਾਤਾਰ ਜਤਨ ਦੀ ਲੋੜ ਹੈ ਅਤੇ ਉਹ ਜਤਨ ਹੈ ਨਾਮ-ਸਿਮਰਨ। ਨਾਮ-ਸਿਮਰਨ ਨਾਲ ਹੀ ਜਨਮਾਂ ਜਨਮਾਂ ਦੀ ਲਗੀ ਹੋਈ ਮੈਲ ਉਤਰਨੀ ਹੈ ਅਤੇ ਹਉਮੈ ਦੀ ਜ਼ਹਿਰ ਜੋ ਜੀਵ ਦੇ ਅੰਦਰ ਪਸਰੀ ਹੋਈ ਹੈ, ਉਸ ਨੇ ਨਾਸ ਹੋਣਾ ਹੈ। ਸੁਖਮਨੀ ਸਾਹਿਬ ਵਿਚ ਫੁਰਮਾਨ ਹੈ–

ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਬਿਨਸਿ ਜਾਇ ਹਉਮੈ ਬਿਖੁ ਫੈਲੁ ॥



www.AKJ.Org

ਹੋਇ ਅਚਿੰਤੁ ਬਸੈ ਸੁਖ ਨਾਲਿ ॥ ਸਾਸਿ ਗ੍ਰਾਸ ਹਰਿ ਨਾਮੁ ਸਮਾਲਿ ॥੭॥੧੯॥

ਦਿਆਲੂ ਸਤਿਗੁਰੂ ਦੀ ਬਖਸ਼ਸ਼ ਨਾਲ ਹੀ ਇਹ ਮਤਿ ਬੁਧਿ ਪਾਈਦੀ ਹੈ ਕਿ ਆਉਂਦੇ ਜਾਂਦੇ *ਹਰੇਕ ਸਵਾਸ ਨਾਲ ਪ੍ਰਭੂ ਦਾ ਨਾਮ ਸਮ੍ਹਾਲਣਾ ਹੈ ਅਤੇ ਸਮ੍ਹਾਲੀ ਹੀ ਜਾਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ–

ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥
ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ ॥੧॥ਰਹਾਉ॥
ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ ॥
ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ ॥੧॥ (ਪੰਨਾ ੨੧੩)

ਤਾਂ ਤੇ ਸਤਿਗੁਰੂ ਦਾ ਬਣੇ ਤੋਂ ਬਿਨਾਂ, ਸਤਿਗੁਰੂ ਤੋਂ ਉਪਦੇਸ਼ ਲਏ ਬਿਨਾਂ ਮਨ ਸਾਧਿਆ ਨਹੀਂ ਜਾ ਸਕਦਾ। ਸਤਿਗੁਰੂ ਤੋਂ ਗਿਆਨ-ਉਪਦੇਸ਼ ਲਏ ਬਿਨਾਂ ਕਿਸੇ ਜਤਨ ਜਾਂ ਸਾਧਨ ਨਾਲ ਵੀ ਮਨ ਸਥਿਰ ਨਹੀਂ ਹੋ ਸਕਦਾ ਅਤੇ ਜ਼ਹਿਰ ਰੂਪੀ ਮਾਇਆ ਵਿਚ ਗਲਤਾਨ ਰਹਿਆਂ ਕਦੇ ਸ਼ਾਂਤੀ ਨਹੀਂ ਹੋ ਸਕਦੀ, ਦੌੜ-ਭੱਜ ਕਾਇਮ ਰਹਿੰਦੀ ਹੈ। ਸਿਧ ਗੋਸਟਿ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ ਕਥਨ ਹੈ–

ਬਿਨੁ ਗੁਰ ਮਨੂਆ ਅਤਿ ਡੋਲਾਇ ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥੩੮॥ (੯੪੦)

ਪਰ ਇਸ ਗੱਲ ਨੂੰ ਕੋਈ ਵਿਰਲਾ ਬੁਝਦਾ ਹੈ ਕਿ ਸਤਿਗੁਰੂ ਦੁਆਰਾ ਹੀ ਮਨ ਭਿਜਦਾ ਹੈ ਅਤੇ ਨਿਜ ਘਰ ਵਿਚ ਵਾਸਾ ਹੁੰਦਾ ਹੈ–

ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥੬੯॥ (੯੪੧)

ਸਤਿਗੁਰੂ ਅਮਰਦਾਸ ਜੀ ਨੇ ਆਸਾ ਦੇ ਛੰਦਾਂ ਵਿਚ ਇਸ ਗੱਲ ਨੂੰ ਬੜੇ ਵਿਸਥਾਰ ਨਾਲ ਸਪੱਸ਼ਟ ਕੀਤਾ ਹੈ ਕਿ ਸਤਿਗੁਰੂ ਦੀ ਪ੍ਰਾਪਤੀ ਹੋਇਆਂ ਹੀ ਇਸ ਧਾਉਂਦੇ ਮਨ ਨੇ ਥੰਮ੍ਹਣਾ ਹੈ, ਟਿਕਣਾ ਹੈ, ਨਿਜ ਘਰ ਵਿਚ ਵਸਣਾ ਹੈ ਅਤੇ ਸਤਿਗੁਰੂ ਤੋਂ ਪ੍ਰਾਪਤ ਹੋਏ ਨਾਮ ਦਾ ਵਪਾਰ ਕਰਨਾ ਹੈ। ਨਾਮ ਦਾ ਵਪਾਰ ਕਰਨ ਵਾਲੇ ਹੀ ਦਸਮ ਦੁਆਰ ਵਿਚ ਰਿਸਾਈ ਕਰ ਸਕਦੇ ਹਨ। ਨਾਮ-ਅੰਮ੍ਰਿਤ-ਭੋਜਨ ਭੁੰਚ ਭੁੰਚ ਕੇ ਅਨਹਦ ਸ਼ਬਦ ਦੀਆਂ ਧੁਨੀਆਂ ਉਪਜਦੀਆਂ ਹਨ। ਫੁਰਮਾਨ ਹੈ–

ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰ ਵਸਿਆ ਆਏ ॥
ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥
(ਪੰਨਾ ੪੪੦-੪੧)

ਫਿਰ ਅਗਲੇ ਬੰਦ ਵਿਚ ਮਨ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ ਕਿ ਤੂੰ ਪ੍ਰਕਾਸ਼ ਰੂਪ ਹਰੀ ਪ੍ਰਭੂ ਦਾ ਸਰੂਪ ਹੈਂ, ਲੋੜ ਹੈ ਕਿ ਤੂੰ ਆਪਣੇ ਅਸਲੇ ਨੂੰ ਪਛਾਣ। ਆਪਣੇ ਅਸਲੇ ਨੂੰ ਪਛਾਣਨ ਨਾਲ ਹੀ ਜਨਮ ਮਰਨ ਦੇ ਚੱਕਰ ਵਿਚ ਪੈਣ ਦੀ ਸੋਝੀ ਹੋ ਸਕਦੀ ਹੈ, ਪਰ ਸਤਿਗੁਰੂ ਦੀ ਮਿਹਰ ਨਾਲ ਹੀ ਇਸ ਏਕੇ ਦੀ ਸਮਝ ਆ ਸਕਦੀ ਹੈ ਤੇ ਦਵੈਤਾ ਭਾਵ ਮਿਟ ਸਕਦਾ ਹੈ–

[ਬਾਕੀ ੨੯ ਸਫੇ ਹੇਠ[

* ਅੰਮ੍ਰਿਤ ਵੇਲੇ ਸੰਕਲਪ ਵਿਕਲਪ ਰਹਿਤ ਹੋ ਕੇ, ਇਕ-ਰਸ ਨਾਮ-ਸਿਮਰਨ-ਅਭਿਆਸ ਕਰਨ ਨਾਲ ਅੰਤਰ-ਆਤਮੇ ਅਠ-ਪਹਿਰੀ ਕੁੰਜੀ ਲਗ ਕੇ "ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ" (੧੩੭੬) ਵਾਲੀ ਅਵਸਥਾ ਹੋ ਆਉਂਦੀ ਹੈ।



www.AKJ.Org

# ਗੁਰਮਤਿ ਸਾਗਰ ਟ੍ਰਸਟ

## ਸ੍ਰੀ ਅਨੰਦਪੁਰ ਸਾਹਿਬ

[ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਰੀਸਰਚ ਸਕਾਲਰ, ਸਿਖ ਰੈਫ਼ਰੈਂਸ ਲਾਇਬਰੇਰੀ, ਅੰਮ੍ਰਿਤਸਰ]

੧੩ ਫ਼ਰਵਰੀ ੧੯੯੪ ਸਿੱਖ ਕੌਮ ਦੇ ਇਤਿਹਾਸ ਵਿਚ ਇਕ ਇਤਿਹਾਸਕ ਦਿਨ ਮੰਨਿਆ ਜਾਵੇਗਾ, ਜਿਸ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਪ੍ਰੋਫ਼ੈਸਰ ਮਨਜੀਤ ਸਿੰਘ ਅਤੇ ਉਹਨਾਂ ਦੇ ਸਤ ਸਹਿਯੋਗੀ ਸਾਥੀਆਂ ਦੇ ਟ੍ਰਸਟ ਨੇ 'ਗੁਰਮਤਿ ਸਾਗਰ' ਦਾ ਨੀਂਹ ਪੱਥਰ ਪੰਜ ਪਿਆਰਿਆਂ ਤੋਂ ਜੈਕਾਰਿਆਂ ਦੀ ਗੂੰਜ ਵਿਚ ਰਖਵਾਇਆ। ਸਵੇਰੇ ਦਸ ਵਜੇ ਤੋਂ ਸਾਢੇ ਯਾਰਾਂ ਵਜੇ ਤਕ ਦੀਵਾਨ ਦੀ ਅਰੰਭਤਾ ਕੀਰਤਨ ਦੁਆਰਾ ਹੋਈ। ਉਪਰੰਤ ਕੁਝ ਵਿਦਵਾਨਾਂ ਨੇ ਪੇਪਰ ਪੜ੍ਹੇ, ਜਿਸ ਵਿਚ ਉਹਨਾਂ ਨੇ ਗੁਰਮਤਿ ਖੋਜ ਕੇਂਦਰ ਦੀ ਲੋੜ ਤੇ ਜ਼ੋਰ ਦਿੱਤਾ। ਉਹਨਾਂ ਦਾ ਵਿਚਾਰ ਸੀ ਕਿ ਅੱਜ ਦੀ ਸਥਿਤੀ ਵਿਚ ਕੌਮ ਨੂੰ ਚਾਰ ਚੁਫੇਰਿਓਂ ਕਈ ਚਣੌਤੀਆਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਖੱਬੇ-ਪੱਖੀ ਅਖ਼ਬਾਰਾਂ, ਪੰਜਾਬ ਤੋਂ ਬਾਹਰ ਦੀਆਂ ਕਈ ਸੰਸਥਾਵਾਂ ਨੇ ਸਿੱਖ-ਫ਼ਲਸਫ਼ੇ ਨੂੰ ਧੁੰਧਲਾਉਣ ਅਤੇ ਸਿੱਖ-ਚਰਿਤਰ ਨੂੰ ਵਿਗਾੜ ਕੇ ਪੇਸ਼ ਕਰਨ ਦੀ ਸਾਜ਼ਸ਼ ਰਚੀ ਹੋਈ ਹੈ। ਵਿਦੇਸ਼ਾਂ ਵਿਚ, ਖਾਸ ਕਰਕੇ ਅਮਰੀਕਾ ਅਤੇ ਕੈਨੇਡਾ ਦੇ ਕੁਝ ਸਿੱਖ ਵਿਦਵਾਨਾਂ ਦੀ ਮਤਿ ਤੇ ਪਰਦਾ ਪਿਆ ਜਾਪਦਾ ਹੈ। ਉਹਨਾਂ ਨੂੰ ਨਵੀਨ ਖੋਜ ਦੇ ਝਾਂਸੇ ਵਿਚ ਰੱਖ ਕੇ ਗੁਰਮਤਿ ਸਿਧਾਂਤਾਂ ਨੂੰ ਵਿਗਾੜ ਕੇ ਪੇਸ਼ ਕਰਨ ਦੇ ਰਾਹ ਤੇ ਪਾਇਆ ਹੋਇਆ ਹੈ।

ਇਹਨਾਂ ਸਾਰੀਆਂ ਚਣੌਤੀਆਂ ਦਾ ਸਹੀ ਢੰਗ ਨਾਲ ਉਤਰ ਦੇਣ ਲਈ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ, ਜੋ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਆਖੀ ਜਾਂਦੀ ਹੈ, ਨੇ ਅੱਜ ਤਕ ਕੋਈ ਠੋਸ ਜਤਨ ਨਹੀਂ ਕੀਤਾ। ਇਸ ਮੁੱਦੇ

---

[ਸਫ਼ਾ ੨੫ ਦੀ ਬਾਕੀ]

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ । ੫॥

ਪਰ ਨਾਲ ਹੀ ਤਾੜਨਾ ਵੀ ਕਰ ਦਿਤੀ ਹੈ ਕਿ ਮਤੇ ਗੁਰੂ ਤੋਂ ਨਾਮ ਦੀ ਪ੍ਰਾਪਤੀ ਕਰ ਕੇ ਨਾਮ-ਸਿਮਰਦਾ ਹੋਇਆ ਅੰਦਰਲੇ ਅਗਿਆਨ ਤੇ ਹਉਮੈ ਵਾਲੀ ਮਤਿ ਦੇ ਅਧੀਨ ਅਹੰਕਾਰ ਕਰਦਾ ਫਿਰੇਂ। ਸਤਿਗੁਰੂ ਅਗੇ ਉਸ ਦੀ ਦਸੀ ਕਾਰ ਕਮਾਂਦਿਆਂ ਨਿਮਾਣਾ ਹੋ ਕੇ ਅਤੇ ਗੁਰੂ ਦੇ ਸ਼ਬਦ (ਨਾਮ ਸਿਮਰਨ) ਦੁਆਰਾ ਇਹ ਹਉਮੈ ਦੀ ਮੈਲ ਗੁਆਣੀ ਕਰ। ਬਸ, ਇਉਂ ਨਿਮਾਣਾ ਹੋ ਕੇ ਕਾਰ ਕਮਾਂਦਿਆਂ ਸੱਚੇ ਸੁਖ ਨੂੰ ਪਾ ਸਕਦਾ ਹੈਂ। ਫ਼ੁਰਮਾਨ ਇਉਂ ਹੈ—

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਇ ॥
ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਇ ॥
ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥
ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂ ਆਪਣਾ ਆਪੁ ਗਵਾਵਹੇ ॥
ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥
ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥੭॥ (ਪੰਨਾ ੪੪੧)

ਸਾਰ ਸਿੱਟਾ ਇਹੋ ਨਿਕਲਦਾ ਹੈ ਕਿ ਸਤਿਗੁਰੂ ਤੋਂ ਗੁਰ-ਦੀਖਿਆ ਲੈ ਕੇ, ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ, ਸਤਿਗੁਰੂ ਦੀ ਦਸੀ ਨਾਮ-ਸਿਮਰਨ ਦੀ ਕਾਰ ਕਮਾ ਕੇ ਹੀ ਮਨ ਤੇ ਕਾਬੂ ਪਾਇਆ ਜਾ ਸਕਦਾ ਹੈ। ਪਰ ਆਪਣਾ ਆਪ ਜਣਾਉਣ ਤੋਂ ਬਚਣ ਦੀ ਲੋੜ ਹੈ। ਨਿਰਮਾਣ ਹੋ ਕੇ, ਆਪਾ ਭਾਵ ਤਿਆਗ ਕੇ ਪ੍ਰਭੂ-ਮਿਲਾਪ ਦਾ ਸੱਚਾ ਸੁਖ ਪ੍ਰਾਪਤ ਹੋ ਸਕਦਾ ਹੈ।



www.AKJ.Org

ਲਈ ਚੰਡੀਗੜ੍ਹ ਦੀ 'ਇਨਸਟੀਚੂਟ ਆਫ਼ ਸਿੱਖ ਸਟੱਡੀਜ਼' ਵਾਲੇ ਸਜਣ ਹਰ. ਛਿਮਾਹੀ ਨੂੰ ਇਕ ਰਸਾਲਾ ਕਢਦੇ ਹਨ, ਪਰ ਉਹ ਕਾਫ਼ੀ ਨਹੀਂ। ਵੈਸੇ ਉਹਨਾਂ ਦਾ ਜ਼ਤਨ ਸ਼ਲਾਘਾ ਜੋਗ ਹੈ। 'ਗੁਰਮਤਿ ਸਾਗਰ ਟ੍ਰਸਟ' ਦੇ ਟ੍ਰਸਟੀਆਂ ਵਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਵੱਡੇ ਪੈਮਾਨੇ ਤੇ ਇਕ ਪ੍ਰਕਾਰ ਦੀ ਸਿੱਖ ਸਿਧਾਂਤਾਂ ਨੂੰ ਵਿਚਾਰਨ, ਘੋਖਣ ਅਤੇ ਪ੍ਰਚਾਰਨ ਦਾ ਜੋ ਸ਼ਲਾਘਾ ਜੋਗ ਕਦਮ ਪੁਟਿਆ ਗਿਆ ਹੈ, ਉਸ ਦੇ ਦੋ ਵੱਡੇ ਕਾਰਨ ਹਨ :–

(ੳ) ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਦੀ ਮਹੱਤਤਾ ਨੂੰ ਵੱਡੇ ਪੈਮਾਨੇ ਤੇ ਮੁੜ ਕੇ ਉਜਾਗਰ ਕੀਤਾ ਜਾਵੇ। ਸਿੱਖ ਸੰਗਤਾਂ ਆਮ ਤੌਰ ਤੇ ਹਰ ਸਾਲ ਹੋਲੇ ਮਹੱਲੇ ਜਾਂ ਵੈਸਾਖੀ ਦੇ ਮੌਕੇ ਤੇ ਮਾਰਚ-ਅਪ੍ਰੈਲ ਦੇ ਦਿਨਾਂ ਵਿਚ ਦਰਸ਼ਨ ਮੇਲੇ ਕਰਦੀਆਂ ਹਨ। ਜਾਂ ਫਿਰ ਉਹ ਪ੍ਰੇਮੀ ਹਨ ਜੋ ਗੁਰਮਤਿ ਸਿਧਾਂਤ ਦੇ ਉਲਟ ਕੀਰਤਪੁਰ ਸਾਹਿਬ ਆਪਣੇ ਬਜ਼ੁਰਗਾਂ ਦੇ ਫੁਲ ਪਾਉਣ ਜਾਂਦੇ ਹਨ, ਉਹ ਸ੍ਰੀ ਅਨੰਦਪੁਰ ਸਾਹਿਬ ਦੇ ਭੀ ਦਰਸ਼ਨ ਕਰ ਕੇ ਆਉਂਦੇ ਹਨ। ਸ੍ਰੀ ਅਨੰਦਪੁਰ ਸਾਹਿਬ ਗੁਰਸਿੱਖਾਂ ਅਥਵਾ ਗ਼ੈਰ-ਸਿੱਖ ਸੰਗਤਾਂ ਦਾ ਉਹੋ ਜਿਹਾ ਗਹਿਮਾ ਗਹਿਮ ਵਾਲਾ ਕੇਂਦਰ ਨਹੀਂ ਬਣ ਸਕਿਆ ਜਿਹੋ ਜਿਹਾ ਸ੍ਰੀ ਅੰਮ੍ਰਿਤਸਰ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਜੋ ਮਹੱਤਵ ਦਸਵੇਂ ਪਾਤਸ਼ਾਹ ਸਮੇਂ ਉਜਾਗਰ ਹੋਇਆ, ਉਹਨਾਂ ਦੇ ਇਥੋਂ ਚਲੇ ਜਾਣ ਮਗਰੋਂ ਅੱਜ ਤਕ ਉਹੋ ਜਿਹੀ ਗਹਿਮਾ ਗਹਿਮ ਨਹੀਂ ਹੋ ਸਕੀ। ਸਿਖ ਕੌਮ ਨੂੰ ਇਸ ਪਾਸੇ ਉਚੇਚਾ ਧਿਆਨ ਦੇਣ ਦੀ ਲੋੜ ਹੈ ਕਿ ਤਖ਼ਤ ਸਾਹਿਬਾਨ (ਖ਼ਾਸ ਕਰਕੇ ਪੰਜਾਬ ਵਿਚਲੇ ਤਿੰਨ ਤਖ਼ਤ ਸਾਹਿਬਾਨ) ਉਤੇ ਅਜਿਹੀਆਂ ਕਾਰਵਾਈਆਂ ਕੀਤੀਆਂ ਜਾਂ ਕਰਵਾਈਆਂ ਜਾਣ, ਜਿਨ੍ਹਾਂ ਨਾਲ ਕੌਮ ਨੂੰ ਉਤਸ਼ਾਹ ਅਤੇ ਸੇਧ ਮਿਲੇ। ਸ੍ਰੀ ਅਨੰਦਪੁਰ ਸਾਹਿਬ ਲਈ 'ਗੁਰਮਤਿ ਸਾਗਰ ਟ੍ਰਸਟ' ਨੇ ਇਹ ਇਕ ਵੱਡਮੁਲਾ ਕਾਰਜ ਅਰੰਭ ਕਰ ਲਿਆ ਹੈ।

(ਅ) ਦੂਜੀ ਗੱਲ ਇਹ ਹੈ, ਸਤਿਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਦੀ ਪਾਵਨ ਧਰਤੀ ਉਤੇ ਬਹੁਤ ਸਾਰੇ ਵਿਦਵਾਨ ਰਖੇ ਹੋਏ ਸਨ, ਜਿਨ੍ਹਾਂ ਤੋਂ ਪੁਰਾਤਨ ਕਥਾਵਾਂ ਨੂੰ ਨਵੇਂ ਯੁਗ ਦੀ ਅਤੇ ਗੁਰਮਤਿ ਸਿਧਾਂਤ ਦੀ ਰੌਸ਼ਨੀ ਵਿਚ ਨਵੀਂ ਦਿਸ਼ਾ ਦਿੱਤੀ ਗਈ। ਰਾਮ ਅਵਤਾਰ ਅਤੇ ਕ੍ਰਿਸ਼ਨ ਅਵਤਾਰ ਦੀਆਂ ਕਥਾਵਾਂ, ਚੰਡੀ ਕੀ ਵਾਰ ਆਦਿ ਵਿਚ ਇਹਨਾਂ ਪਾਤਰਾਂ ਦੇ ਪਿਛੇ ਸ੍ਰੀ ਅਕਾਲ ਜੀ ਦੀ ਕਲਾ ਗੁਪਤ ਰੂਪ ਵਿਚ ਵਰਤਦੀ ਦਰਸਾਅ ਕੇ ਸਾਹਿਤ ਰਚਿਆ ਗਿਆ। ਸ੍ਰੀ ਅਨੰਦਪੁਰ ਸਾਹਿਬ ਨੂੰ ਸਤਿਗੁਰਾਂ ਨੇ ਜਿਥੇ ਕਲਮ ਦੇ ਧਨੀਆਂ ਦਾ ਕੇਂਦਰ ਬਣਾਇਆ ਉਥੇ ਖਾਲਸੇ ਦੀ ਸਿਰਜਣਾ ਕਰ ਕੇ, ਖਾਲਸੇ ਨੂੰ ਤੇਗ ਦਾ ਧਨੀ ਬਣਾਇਆ। ਮਲ੍ਹਮ ਦੀ ਡੱਬੀ ਦੇ ਕੇ ਸਰਬੱਤ ਦੇ ਭਲੇ ਦੇ ਪੂਰਨੇ ਭੀ ਪਾਏ। 'ਗੁਰਮਤਿ ਸਾਗਰ ਟ੍ਰਸਟ' ਨੇ ਭੀ ਉਸੇ ਸੇਧ ਵਿਚ ਸੰਕਲਪ ਲਿਆ ਹੈ ਕਿ ਇਥੇ ਕਲਮ ਦੇ ਧਨੀ ਇਕੱਠੇ ਕੀਤੇ ਜਾਣ ਅਤੇ ਸਿੱਖ ਸਿਧਾਂਤਾਂ ਨੂੰ ਖੋਜਣ ਦਾ ਯੋਜਨਾ-ਬੱਧ ਤਰੀਕੇ ਨਾਲ ਜਤਨ ਕੀਤਾ ਜਾਵੇ। ਇਥੇ ਵਿਦਵਾਨ ਉਹ ਆਉਣਗੇ ਜੋ ਜ਼ਿੰਦਗੀ ਦੀ ਖਟਣ ਕਮਾਉਣ ਵਾਲੀ ਦੌੜ ਤੋਂ ਵੇਹਲੇ ਹੋ ਚੁਕੇ ਹੋਣਗੇ, ਘਰ ਦਾ ਅਤੇ ਬੱਚਿਆਂ ਦਾ ਮੋਹ ਤਿਆਗ ਕੇ ਪਿਛੇ ਦੀ ਝਾਕ ਨਾ ਰਖਣ ਵਾਲੇ ਹੋਣਗੇ। ਡਰ ਇਸ ਗੱਲ ਦਾ ਹੈ ਅਤੇ ਵੇਖਣ ਵਿਚ ਇਹ ਆਇਆ ਹੈ ਕਿ ਯੂਨੀਵਰਸਿਟੀਆਂ ਵਿਚ ਪੜ੍ਹਾ ਰਹੇ ਕਈ ਸਿੱਖ ਵਿਦਵਾਨ ਗੁਰਮਤਿ ਰਹੱਸ ਅਤੇ ਰਸ ਤੋਂ ਸਖਣੇ ਛੋਪਲੀਆਂ ਛੋਪਲੀਆਂ, ਹਲਕੀਆਂ ਫੁਲਕੀਆਂ ਗੱਲਾਂ ਕਰ ਕੇ ਖਿਆਲੀ ਘੋੜੇ ਦੁੜਾਉਂਦੇ ਹਨ। ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਤਾਂ ਆਪਣੇ ਭਾਸ਼ਣ ਵਿਚ ਕਹਿ ਰਹੇ ਸਨ ਕਿ ਇਸ ਗੁਰ-ਸਾਗਰ ਵਿਚੋਂ ਰਤਨ ਚੁਗਣ ਲਈ ਹੰਸ ਬਣ ਕੇ ਆਇਓ।

ਮੈਂ ਦਿਲੋਂ-ਮਨੋਂ ਉਪਰੋਕਤ ਸੰਸਥਾ ਦੀ ਸਥਾਪਨਾ ਦਾ ਸੁਆਗਤ ਕਰਦਾ ਹਾਂ। ਅਤੇ ਇਸ ਦੀ ਕਾਮਯਾਬੀ ਲਈ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ। ਆਸ ਕਰਨੀ ਚਾਹੀਦੀ ਹੈ ਕਿ ਸਿੰਘ ਸਾਹਿਬ ਇਸ ਸੰਕਲਪ ਨੂੰ ਯਕੀਨੀ ਬਣਾਉਣ ਲਈ ਸਾਰੇ ਜਤਨ ਜੁਟਾਉਣਗੇ।


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ ਮੁਗ਼ਲਾਂ ਜ਼ਹਿਰ ਪਿਆਲੇ ਪੀਤੇ (੩੬)

[ਕੈਪਟਿਨ ਸਵਰਨ ਸਿੰਘ ਜੀ]

[ ਨੋਟ—ਇਸ ਲੇਖ-ਲੜੀ ਵਿਚ ਪਹਿਲਾਂ ੩੫ ਕਿਸ਼ਤਾਂ ਅਪ੍ਰੈਲ ੯੩ ਦੇ ਸੂਰਾ ਤਕ ਛਪ ਚੁਕੀਆਂ ਹਨ। ਬਾਅਦ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਕੁਝ ਕਿਸ਼ਤਾਂ ਲੇਖਕ ਜੀ ਵਲੋਂ ਛਪਦੀਆਂ ਰਹੀਆਂ। ਹੁਣ ਮੁੜ ਉਸ ਲੇਖ-ਲੜੀ ਨੂੰ ਜਾਰੀ ਕੀਤਾ ਜਾ ਰਿਹਾ ਹੈ। —ਸੰਪਾਦਕ ]

ਇਹ ਉਹ ਸਮਾਂ ਸੀ ਜਦ ਜ਼ਕਰੀਆ ਖ਼ਾਨ ਗਵਰਨਰ ਪੰਜਾਬ ਦੇ ਫ਼ੌਜੀ 'ਦਬਾਅ ਕਾਰਨ ਸਿੰਘ ਮਾਝੇ ਦਾ ਇਲਾਕਾ ਛੱਡ ਕੇ ਬਿਆਸ ਦਰਿਆ ਟੱਪ ਕੇ ਦੁਆਬੇ ਮਾਲਵੇ ਵਲ ਨਿਕਲ ਗਏ ਸਨ। ਹੁਣ ਦਰਿਆਉਂ ਸੱਜੇ ਪਾਸੇ, ਭਾਵ, ਅਜੋਕੇ ਲਾਹੌਰ, ਅੰਮ੍ਰਿਤਸਰ, ਕਸੂਰ ਤੇ ਗੁਰਦਾਸਪੁਰ, ਬਟਾਲਾ ਆਦਿ ਇਲਾਕਿਆਂ ਵਿਚ ਚੁਪ-ਚਾਂ ਛਾਈ ਹੋਈ ਸੀ। ਕਿਤੇ ਕੋਈ ਰਿਹਾ ਰਵੰਨਾ ਸਿੰਘ ਜੇ ਹੈ ਸੀ ਤਾਂ ਉਹ ਵੀ ਲੁਕ ਛਿਪ ਕੇ ਦਿਨ-ਕਟੀ ਕਰ ਰਿਹਾ ਸੀ। ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਸਾਹਿਬ ਦੇ ਦਰਸ਼ਨ ਇਸ਼ਨਾਨ ਦੀ ਪੂਰੀ ਮਨਾਹੀ ਕੀਤੀ ਹੋਈ ਸੀ। ਪਰ ਅਣਖੀਲੇ ਤੇ ਹਠੀਲੇ ਸਿੰਘ ਇਨ੍ਹਾਂ ਮਨਾਹੀਆਂ ਨੂੰ ਕਦ ਖ਼ਾਤਰ ਵਿਚ ਲਿਆਉਂਦੇ ਸਨ। ਅੰਨ੍ਹੇਰੇ ਸਵੇਰੇ ਜਦ ਵੀ ਮੌਕਾ ਹੱਥ ਆਉਂਦਾ, ਸ਼ਮਆ ਉਤੇ ਪਤੰਗਿਆਂ ਦੇ ਭੁਜ ਮਰਨ ਵਾਂਗ, ਸਿਰ ਤਲੀ ਤੇ ਧਰ ਕੇ ਆਉਂਦੇ, ਲੱਗੇ ਪਹਿਰਿਆਂ ਦੇ ਬਾਵਜੂਦ ਇਸ਼ਨਾਨ ਕਰਦੇ ਤੇ ਫਿਰ ਅਲੋਪ ਹੋ ਜਾਂਦੇ। ਕਈ ਮਾਰੇ ਵੀ ਜਾਂਦੇ। ਆਟੇ ਵਿਚ ਲੂਣ ਮਾਤਰ ਹੁੰਦਿਆਂ ਵੀ ਸਿੰਘਾਂ ਨੇ ਆਪਣੇ ਹੱਠ ਤੇ ਅਣਖ ਨੂੰ ਵੱਟਾ ਨਹੀਂ ਲਗਣ ਦਿੱਤਾ।

**ਬੋਤਾ ਸਿੰਘ ਤੇ ਗਰਜਾ ਸਿੰਘ ਦੀ ਸ਼ਹੀਦੀ–**

ਲਾਹੌਰੋਂ ਚੜ੍ਹਦੇ ਵਿਚ, ੨੦ ਕੁ ਮੀਲ (੩੨ ਕਿਲੋ ਮੀਟਰ) ਦੇ ਫ਼ਾਸਲੇ ਤੇ ਇਕ ਤਕੜਾ ਪਿੰਡ ਭੜਾਣਾ[1] ਹੈ। ਏਥੋਂ ਦਾ ਇਕ ਜੱਟ ਸਿਖ ਸ: ਬੋਤਾ ਸਿੰਘ ਤੇ ਇਕ ਉਸ ਦਾ ਜੋਟੀਦਾਰ ਸ: ਗਰਜਾ ਸਿੰਘ*, ਸਤਲੁਜੋਂ ਪਾਰ ਨਹੀਂ ਸਨ ਗਏ, ਸਗੋਂ ਏਧਰ ਮਾਝੇ ਵਿਚ ਹੀ ਰਹੇ ਤੇ ਲੁਕ ਛਿਪ ਕੇ ਦਿਨ ਬਿਤਾਅ ਰਹੇ ਸਨ। ਭਾਵੇਂ ਜ਼ਕਰੀਆ ਖਾਨ ਨੇ ਬੜੀ ਹੀ ਕਰੜਾਈ ਕਰ ਛਡੀ ਸੀ, ਪਰ ਉਹ ਮੌਕਾ ਪਾ ਕੇ ਰਾਤ ਬਰਾਤੇ ਅੰਮ੍ਰਿਤਸਰ ਤੇ ਤਰਨ ਤਾਰਨ ਇਸ਼ਨਾਨ ਕਰ ਜਾਇਆ ਕਰਦੇ। ਇਕ ਦਿਨ ਉਹ ਇਸ਼ਨਾਨ ਕਰ ਕੇ, ਦਿਨੇ ਸ਼ਹਿਰੋਂ ਲਹਿੰਦੇ ਪਾਸੇ ਦੇ ਜੰਗਲ ਵਿਚ ਲੁਕੇ ਬੈਠੇ ਸਨ ਕਿ ਪਰੇ ਨਾਲ ਦੀ ਰਾਹੇ ਰਾਹ ਲੰਘੇ ਜਾਂਦੇ ਰਾਹੀਆਂ ਦੀਆਂ ਆਪਸੀ ਗੱਲਾਂ ਉਨ੍ਹਾਂ ਦੇ ਕੰਨੀਂ ਪਈਆਂ। ਇਕ ਨੇ ਵੇਖ ਕੇ ਦੂਜੇ ਨੂੰ ਆਖਿਆ ਕਿ "ਔਧਰ ਵੇਖ, ਦੋ ਸਿੰਘ ਲੁਕੇ ਬੈਠੇ ਹਨ।" ਦੂਜਾ ਬੋਲਿਆ, "ਹਾਂ ਦੋ ਜਣੇ ਹੈਨ ਤਾਂ ਸਹੀ, ਪਰ ਇਹ ਸਿੰਘ ਨਹੀਂ ਹੋ ਸਕਦੇ।" "ਕਿਉਂ, ਸਿੰਘ ਕਿਉਂ ਨਹੀਂ ਹੋ ਸਕਦੇ? ਬਣਾ ਕੇ ਵੇਖ, ਲੀੜੇ ਕਪੜੇ ਸਿੰਘਾਂ ਵਾਲੇ ਹੀ ਹਨ। ਵਿਚਾਰੇ ਮਾਰੀਦੇ ਲੁਕੇ ਬੈਠੇ ਹਨ।" ਦੂਜੇ ਨੇ ਥੋੜੀ ਜਿਹੀ ਤਿਖ ਨਾਲ ਕਿਹਾ—"ਭੋਲਿਆ, ਕਦੀ ਸਿੰਘ ਵੀ ਲੁਕਦੇ ਹਨ? ਜਿਥੇ ਵੀ ਹੋਣਗੇ, ਬੁਕਣਗੇ। ਇਹ ਤਾਂ ਕੋਈ ਗਿਦੜ ਹਨ। ਤੂੰ ਪੈਰ ਪੁਟੀ ਆ, ਆਪਾਂ ਇਨ੍ਹਾਂ ਤੋਂ ਕੀ ਲੈਣੈ? ਹੋ ਸਕਦੈ ਲੀੜੇ ਲਾਹੁਣ ਵਾਲੇ ਲੁਟੇਰੇ ਹੀ ਹੋਣ।" ਰਾਹੀਆਂ ਦੀ ਬੋਲੀ ਸਿੰਘਾਂ ਦਾ ਸੀਨਾ ਚੀਰ ਗਈ, ਖ਼ੂਨ ਉਬਾਲੇ ਖਾਣ ਲੱਗਾ। ਦੋਹਾਂ ਗੁਰਮਤਾ ਕੀਤਾ ਕਿ ਹੁਣ ਲੁਕ ਛਿਪ ਕੇ ਜੀਊਣਾ ਧ੍ਰਿਗ ਹੈ, ਕੋਈ ਸਿੰਘਾਂ ਵਾਲਾ ਕਾਰਨਾਮਾ ਕਰ ਕੇ ਸ਼ਹੀਦੀ ਪਾਈਏ। ਦੋਹਾਂ ਕਿਰਪਾਨਾਂ ਮਾਂਜ ਲਈਆਂ ਤੇ ਬੇਰੀ ਦੇ ਦੋ ਮਜ਼ਬੂਤ ਸੋਟੇ ਫੜ ਲਏ ਅਤੇ ਨੂਰਦੀਨ ਦੀ ਸਰਾਂ ਤੋਂ ਚੜ੍ਹਦੇ ਪਾਸੇ ਡੇਢ ਕੁ ਕਿਲੋ ਮੀਟਰ ਅਗੇ ਹੋ ਕੇ ਲਾਹੌਰ ਵਾਲੀ ਸੜਕ ਤੇ[2] ਖਲੋ ਗਏ ਤੇ ਸੜਕੇ ਸੜਕ ਲੰਘਣ ਵਾਲਿਆਂ ਤੋਂ ਆਨਾ ਗੱਡਾ ਤੇ ਪੈਸਾ ਖੋਤਾ ਮਹਿਸੂਲ ਉਗਰਾਹੁਣ ਲੱਗ ਪਏ। ਲੰਘਣ ਵਾਲੇ ਜਗਾਤ ਭਾਵ ਮਹਿਸੂਲ ਦੇਂਦੇ ਤੇ ਆਪਣੇ ਰਾਹੇ ਪੈ ਜਾਂਦੇ, ਪਰ ਅੱਗੋਂ ਚੂੰ-ਚਰਾਂ ਕੋਈ ਨਾ ਕਰਦਾ। ਜੇ ਕਿਸੇ ਪੁਛਿਆ ਕਿ ਇਹ ਜਗਾਤ ਕਿਹੀ?

*ਅੰਮ੍ਰਿਤ ਛਕ ਕੇ ਸਿੰਘ ਸਜਣ ਤੋਂ ਪਹਿਲਾਂ ਇਹ ਪਛੜੀਆਂ ਜਾਤਾਂ ਵਿਚੋਂ ਮਜ਼ਹਬੀ ਅਖਵਾਂਦੇ ਸਨ।



www.AKJ.Org

ਜਵਾਬ ਮਿਲਦਾ ਕਿ ਮੁਗਲ ਰਾਜ ਖ਼ਤਮ ਕਰ ਕੇ ਖਾਲਸਾ ਰਾਜ ਕਾਇਮ ਕੀਤਾ ਗਿਆ, ਇਹ ਖਾਲਸਾ ਰਾਜ ਦੀ ਜਗਾਤ ਹੈ। ਫਿਰ ਵੀ ਕੋਈ ਨਾ ਉਭਾਸਰਦਾ। ਇਸ ਤਰ੍ਹਾਂ ਜਦ ਚਾਰ ਪੰਜ ਦਿਨ ਲੰਘ ਗਏ ਤੇ ਉਨ੍ਹਾਂ ਵਿਰੁਧ ਕੋਈ ਹਿਲ ਜੁਲ ਨਾ ਹੋਈ ਤਾਂ ਸਿੰਘਾਂ ਵਲੋਂ ਬੇਪਰਵਾਹ ਹੋ ਕੇ ਸੁੱਤੀ ਪਈ ਮੁਗਲ ਸਰਕਾਰ ਨੂੰ ਟੁੰਬ ਜਗਾਉਣ ਲਈ ਬੋਤਾ ਸਿੰਘ ਨੇ ਸੂਬੇਦਾਰ ਖਾਨ ਬਹਾਦਰ ਨੂੰ ਚਿੱਠੀ ਲਿਖੀ :

"ਮੈਂ ਹਾਂ ਸਿੰਘ ਬੋਤਾ, ਹੱਥ ਵਿਚ ਸੋਟਾ ਮੋਟਾ, ਲਵਾਂ ਜਗਾਤ ਖਲੋਤਾ, ਆਨਾ ਗੱਡਾ ਪੈਸਾ ਖੋਤਾ, ਤੂੰ ਹੈਂ ਨਾਲਾਇਕ ਖੋਤਾ, ਤੈਥੋਂ ਰਾਜ ਨਹੀਂ ਹੋਤਾ, ਤੂੰ ਜਾਵੇਂਗਾ ਦਰਗਹਿ ਰੋਤਾ, ਤੂੰ ਆਖੀਂ ਭਾਬੀ ਖਾਨੋ ਨੂੰ ਤੇਰਾ ਦੇਵਰ ਹੈਗਾ ਸਿੰਘ ਬੋਤਾ ।" ਤੇ ਲਾਹੌਰ ਵੱਲ ਜਾਂਦੇ ਸੌਦਾਗਰ ਦੇ ਹੱਥ ਦੇ ਕੇ ਖ਼ਾਨ ਬਹਾਦਰ ਪਾਸ ਪਹੁੰਚਾ ਦਿਤੀ। ਚਿਠੀ ਪੜ੍ਹੀ ਤਾਂ ਨਵਾਬ ਨੂੰ ਸੱਤੀਂ ਕਪੜੀਂ ਅੱਗ ਲੱਗ ਗਈ। ਓਸੇ ਵੇਲੇ ਫ਼ੌਜਦਾਰ ਜਲਾਲੁਦੀਨ ਨੂੰ ਸੌ ਸਵਾਰ ਦੇ ਕੇ ਸ: ਬੋਤਾ ਸਿੰਘ ਦੇ ਵਿਰੁਧ ਚਾੜ੍ਹਿਆ ਤੇ ਨਾਲ ਹੀ ਪੱਕੀ ਕੀਤੀ ਕਿ ਬੋਤਾ ਸਿੰਘ ਨੂੰ ਜੀਊਂਦਿਆਂ ਫੜ ਕੇ ਲਾਹੌਰ ਲਿਆਂਦਾ ਜਾਵੇ।

**ਜਲਾਲੁੱਦੀਨ ਦਾ ਸਿੰਘਾਂ ਵਿਰੁਧ ਚੜ੍ਹ ਕੇ ਆਉਣਾ—**

ਜਲਾਲੁੱਦੀਨ ਖਾਨ ਆਪਣੇ ਸੌ ਸਵਾਰ ਲੈ ਕੇ ਮਾਰੋ ਮਾਰ ਕਰਦਾ, ਸਿੰਘਾਂ ਪਾਸ ਆ ਪਹੁੰਚਾ ਅਤੇ ਸਿੰਘਾਂ ਨੂੰ ਘੇਰਾ ਪਾ ਲਿਆ। ਇਹੋ ਤਾਂ ਉਹ ਚਾਹੁੰਦੇ ਸਨ। ਸੋ ਦੋਵੇਂ ਸਿੰਘ ਕਮਰਕੱਸੇ ਕਰ ਕੇ ਅੱਗੋਂ ਮੁਕਾਬਲੇ ਲਈ ਡਟ ਖਲੋਤੇ। ਇਹ ਤੱਕ ਕੇ ਫ਼ੌਜਦਾਰ ਨੇ ਕਿਹਾ, "ਮੇਰਾ ਮੁਕਾਬਲਾ ਕਰ ਕੇ ਤੁਹਾਨੂੰ ਕੋਈ ਨਫ਼ਾ ਨਹੀਂ ਹੋਣਾ। ਮੇਰੇ ਸੌ ਬਹਾਦਰਾਂ ਅੱਗੇ ਤੁਹਾਡਾ ਕੀ ਵੱਟੀਦਾ ਹੈ। ਕਿੰਨਾ ਕੁ ਚਿਰ ਭਲਾ ਅੜੋਗੇ ? ਅਜਾਈਂ ਮੌਤ ਨਾ ਵਿਹਾਜੋ। ਮੇਰੀ ਮੰਨੋ ਤਾਂ ਹਥਿਆਰ ਸੁੱਟ ਕੇ ਦੀਨ ਮੰਨ ਲਵੋ। ਜੋ ਪੈਸਾ ਇਕੱਠਾ ਕੀਤਾ ਹੈ, ਬੰਨ੍ਹ ਕੇ ਸਿਰਾਂ ਤੇ ਧਰ ਲਵੋ ਤੇ ਅੱਗੇ ਲੱਗ ਤੁਰੋ। ਨਵਾਬ ਖਾਨ ਬਹਾਦਰ ਸਾਹਿਬ ਬਹੁਤ ਮਿਹਰਬਾਨ ਹਨ, ਉਸ ਪਾਸੋਂ ਮੁਆਫ਼ੀ ਲੈ ਦਿਆਂਗਾ।" ਉਤਰ ਵਿਚ ਸ: ਬੋਤਾ ਸਿੰਘ ਨੇ ਗਰਜ ਕੇ ਆਖਿਆ, "ਅਸੀਂ ਸਿੰਘ ਸੂਰਮਿਆਂ ਵਾਂਗ ਰਣ ਵਿਚ ਪੁਰਜ਼ਾ ਪੁਰਜ਼ਾ ਹੋ ਕੇ ਮਰਨ ਲਈ ਨਿੱਤਰੇ ਹਾਂ ਅਤੇ ਮਾਫ਼ੀ ਮੰਗ ਕੇ ਗੀਦੀਆਂ ਪਾਜੀਆਂ ਵਾਂਗ ਜੀਊਣਾ ਵੱਡੀ ਲਾਅਨਤ ਸਮਝਦੇ ਹਾਂ। ਮੁਗਲਾਂ ਅੱਜ ਤਕ ਸਾਰਾ ਤਾਣ ਲਾ ਲਿਆ ਹੈ ਸਿੰਘਾਂ ਉਤੇ ਜ਼ੁਲਮ ਢਾਹੁਣ ਵਿਚ, ਪਰ ਕਦੀ ਸੁਣਿਆ ਈ ਕਿਸੇ ਇਕ ਵੀ ਸਿੰਘ ਨੇ ਤੇਰੇ ਨਵਾਬ ਤੋਂ ਮਾਫ਼ੀ ਮੰਗੀ ਹੋਵੇ। ਇਹ ਸਬਕ ਕਿਸੇ ਹੋਰ ਨੂੰ ਦੇਹ। ਤੂੰ ਸਾਡੇ ਤੇ ਚੜ੍ਹ ਕੇ ਆਇਆ ਹੈਂ। ਤੇ ਜੇ ਸਿੰਘਾਂ ਦੀ ਬਹਾਦਰੀ ਦੇ ਜਲਵੇ ਵੇਖਣੇ ਚਾਹੁਨਾ ਏਂ ਤਾਂ ਸਾਡੇ ਦੋਹਾਂ ਦੇ ਟਾਕਰੇ ਉਤੇ ਆਪਣੇ ਪੰਜ ਪੰਜ ਸਿਪਾਹੀ ਮੈਦਾਨ ਵਿਚ ਕੱਢੀ ਚਲ।"

**ਲੜਾਈ ਤੇ ਸਿੰਘਾਂ ਦੀ ਸ਼ਹੀਦੀ—**

ਫੌਜਦਾਰ ਨੇ ਬੋਤਾ ਸਿੰਘ ਦੀ ਵੰਗਾਰ ਸੁਣੀ ਤਾਂ ਕਰੋਧ ਨਾਲ ਭਖ ਉਠਿਆ। ਉਸ ਨੂੰ ਆਪਣੇ ਸੂਰਮਿਆਂ ਉਤੇ ਬੜਾ ਮਾਣ ਸੀ। ਉਸ ਨੇ ਝਟ ਆਪਣੇ ਚਾਰ ਚੋਣਵੇਂ ਸਿਪਾਹੀ ਮੈਦਾਨ ਵਿਚ ਕੱਢੇ। ਇਹ ਹੱਥੀਂ ਤਲਵਾਰਾਂ ਲੈ ਕੇ "ਯਾ ਅਲੀ ! ਯਾ ਅਲੀ" ਦੇ ਨਾਅਰੇ ਮਾਰਦੇ ਸਿੰਘਾਂ ਵਲ ਵਧੇ। ਜਲਾਲੁੱਦੀਨ ਤੇ ਉਸ ਦੇ ਬਾਕੀ ਸਵਾਰ ਘੋੜਿਆਂ ਤੇ ਚੜ੍ਹੇ ਹੋਏ ਲੜਾਈ ਦਾ ਨਜ਼ਾਰਾ ਵੇਖਣ ਲੱਗੇ ਕਿ ਉਨ੍ਹਾਂ ਸਿਖ ਹੁਣ ਮਾਰੇ ਕਿ ਮਾਰੇ। ਸਿੰਘਾਂ ਨੇ ਅਗੋਂ ਸੋਟਿਆਂ ਨਾਲ ਹੀ ਚਾਰੇ ਚਿੱਪ ਕੇ ਢੇਰੀ ਕਰ ਸੁੱਟੇ। ਐਤਕੀਂ ਪੰਜ ਆਏ ਤੇ ਇਨ੍ਹਾਂ ਦਾ ਵੀ ਹਸ਼ਰ ਪਹਿਲਿਆਂ ਵਾਲਾ ਹੀ ਹੋਇਆ। ਸੋਟਿਆਂ ਤਲਵਾਰਾਂ ਨਾਲ ਲੜਾਈ ਹੋ ਰਹੀ ਸੀ। ਜਦ ਅਗਲੇ ਪੰਜ ਕੁ ਹੋਰ ਆਏ ਤਾਂ ਸਿੰਘਾਂ ਤਲਵਾਰਾਂ ਧੂਹ ਲਈਆਂ ਅਤੇ ਚਲੀਆਂ ਫਕਾ ਫੱਕ। ਇਹ ਵੀ ਸਾਥੀਆਂ ਦੇ ਪਿੱਛੇ ਪਿੱਛੇ ਕਬਰਾਂ ਦੇ ਰਾਹੇ ਪਏ। ਜਦ ਜਲਾਲੁੱਦੀਨ ਨੇ ਹਰ ਵਾਰ ਆਪਣੇ ਜਵਾਨ ਸਿੰਘਾਂ ਹਥੋਂ ਢੇਰੀ ਹੁੰਦੇ ਵੇਖੇ ਤਾਂ ਉਸ ਦਾ ਮੱਥਾ ਠਣਕਿਆ। ਜ਼ਖ਼ਮ ਤਾਂ ਸਿੰਘਾਂ ਨੂੰ ਵੀ ਆਏ ਸਨ, ਪਰ ਉਹਨਾਂ ਪਰਵਾਹ ਹੀ ਨਾ ਕੀਤੀ। ਅੱਗੇ ਨਾਲੋਂ ਦੂਣ ਸਵਾਏ ਹੋ ਹੋ ਗਜਦੇ ਸਨ ਤੇ ਲਲਕਾਰ ਰਹੇ ਸਨ ਫੌਜਦਾਰ ਨੂੰ, ਕਿ ਬੱਸ ਹੈਸ ਤਰ੍ਹਾਂ ਹੀ ਪੰਜ-ਪੰਜ ਸੱਤ-ਸੱਤ ਕਰਕੇ ਕੱਢੀ ਆ ਆਪਣੇ ਗਾਜ਼ੀ। ਅਸੀਂ ਵੀ ਚਿਰੋਕਣੇ ਸ਼ਸਤਰ ਮਾਂਜ ਕੇ ਉਡੀਕਦੇ ਪਏ ਸਾਂ, ਮਸਾਂ ਹੀ ਮੌਕਾ ਹੱਥ ਆਇਆ ਹੈ। ਆ ਖਾਨਾ,



www.AKJ.Org

ਅੱਜ ਕੱਢ ਲਈਏ ਦਿਲ ਦੀਆਂ।'' ਫ਼ੌਜਦਾਰ ਦੇ ਚੋਣਵੇਂ ਸਿਪਾਹੀ ਧਰਤੀ ਤੇ ਪਏ ਸਨ। ਕੁਝ ਕੁ ਤੜਫ਼ ਰਹੇ ਸਨ। ਹੋਰ ਜੋ ਨਿਕਲਣਗੇ, ਉਨ੍ਹਾਂ ਦਾ ਹਾਲ ਵੀ ਤਾਂ ਇਹੋ ਜਿਹਾ ਹੀ ਹੋਣੈ। ਕਿਉਂ ? ਤਨਖ਼ਾਹਦਾਰ ਬੰਦਿਆਂ, ਜਿਨ੍ਹਾਂ ਦਾ ਨਿਸ਼ਾਨਾ ਪੈਸਾ ਸੀ, ਨੇ ਸਿਰ-ਲੱਥ ਸੂਰਮਿਆਂ ਅਗੇ ਕੀ ਅੜਨਾ ਸੀ। ਆਪਣੇ ਜਵਾਨਾਂ ਦਾ ਹੋਇਆ ਹਸ਼ਰ ਵੇਖ ਕੇ, ਫ਼ੌਜਦਾਰ ਪੰਜ ਪੰਜ ਕੱਢ ਕੇ ਸਿੰਘਾਂ ਹੱਥੋਂ ਮੌਤ ਦੇ ਮੂੰਹ ਵਿਚ ਧਕਣ ਤੋਂ ਬਾਜ਼ ਆਇਆ ਤੇ ਸਾਰੀ ਫ਼ੌਜ ਨੂੰ ਇਕੱਠਾ ਇਕ ਵਾਰ ਹਮਲਾ ਕਰਨ ਦਾ ਹੁਕਮ ਦੇ ਦਿਤਾ। ਬੱਸ ਫਿਰ ਗੂੰਜੇ ਇਕ-ਦਮ ''ਯਾ ਅਲੀ'' ਦੇ ਨਾਅਰੇ। ਫਿਰ ਵੀ ਸਿੰਘ ਘਬਰਾਏ ਨਹੀਂ। ਉਨ੍ਹਾਂ ਉਤੇ ਚੁਫੇਰਿਓਂ ਵਾਰ ਹੋਣ ਲੱਗੇ। ਦੋਹਾਂ ਸਿੰਘਾਂ ਪਿੱਠਾਂ ਜੋੜ ਲਈਆਂ। ਤੀਰਾਂ ਦੀ ਬੁਛਾੜ ਹੋਈ। ਉਹ ਵੀ ਅੱਗੋਂ ਵਜੇ ਤੀਰ ਆਪਣੇ ਸਰੀਰਾਂ ਚੋਂ ਪੁੱਟ-ਪੁੱਟ ਕੇ ਪਰ੍ਹਾਂ ਵਗ੍ਹਾ ਮਾਰਦੇ ਸਨ ਤੇ ਕਹਿੰਦੇ ਸਨ, ਆਹ ਤੁਹਾਡੇ ਤੀਰ ਹਨ ? ਰਤਨ ਸਿੰਘ ਭੰਗੂ ਇਸ ਅਸਾਵੀਂ ਲੜਾਈ ਨੂੰ ਇੰਜ ਬਿਆਨ ਕਰਦੈ—

ਚੌਪਈ—ਤੁਰਕ ਜਿੰਦ ਕੋ ਚਹੈਂ ਬਚਾਈ। ਸਿੰਘਨ ਚਿੰਤਾ ਜਿੰਦ ਨਾ ਕਾਈ।
ਜਿਧਰੋਂ ਸ਼ਸਤਰ ਤੁਰਕਨ ਆਵੇਂ। ਸਿੰਘ ਸੁ ਦੌੜ ਉਤਹਿ ਵਲ ਧਾਵੇਂ।੨੫।
ਪਹੁੰਚ ਸੁ ਤੁਰਕਨ ਸ਼ਸਤਰ ਲਗਾਵੇਂ। ਅਪਨੋਂ ਨਾਂਹ ਸਰੀਰ ਬਚਾਵੇਂ।
ਤੁਰਕਨ ਤੇ ਨਿਜ ਸਰੀਰ ਚਿਰਾਵੈਂ। ਲਗੈ ਸ਼ਸਤ੍ਰ ਤਨ ਖੁਸ਼ੀਆਂ ਆਵੇਂ।੨੬।
ਸੌਂਚੀ ਖੇਲ ਖੇਲੈਂ ਜਨ ਸਿੰਘ। ਭਰੈਂ ਛੋਟੀ ਕਤਲੰਬੀ ਡਿੰਘ।
ਤੁਰਕ ਭੀ ਹੱਲਾ ਕਰ ਕਰ ਮਾਰੈਂ। ਮਾਰ ਘੋੜਨ ਚਹਿ ਫੇਟਨ ਡਾਰੈਂ।੨੭।

... ... ...

ਦੋਹਰਾ—ਚਾਮ ਮਾਸ ਸ਼ਸਤਰ ਲਗੈ ਤੋ ਸਿੰਘ ਮਾਨੈ ਨਾਂਹਿ।
ਹਾਡ ਲਗੈ ਤਬ ਬਲ ਘਟੇ ਤਬ ਸਿੰਘ ਕਛਕੁ ਥਕਾਹਿਂ।੩੦।
ਚੌਪਈ—ਤੀਰ ਲਗੈ ਸਿੰਘ ਪਟ ਸਿਟਾਵੈਂ। ਤੁਰਕਨ ਕੋ ਸੋ ਅੱਖੀਂ ਦਿਖਾਵੈਂ।
ਸਿੰਘ ਕਹੇਂ ਧ੍ਰਿਗ ਤੁਮਰੇ ਤੀਰ। ਹਮਰੋ ਚੀਰ ਨਾ ਸਕੇਂ ਸਰੀਰ।੩੧।
ਤਬ ਲਗੇ ਤਲਵਾਰ ਚਲਾਨ। ਸਿੰਘ ਸੋਟੇ ਸੇ ਰੋਕੈਂ ਤਾਨ।
ਦੋਊਅਨ ਸਿੰਘਨ ਲਈ ਪਿਠ ਜੋੜ। ਸੋਟਨ ਸੌਂ ਦਏ ਘੋੜੇ ਮੋੜ।੩੨।
ਦੋਹਰਾ—ਘੋੜੇ ਛੱਡ ਪਯਾਦੇ ਭਏ ਡਾਹੈ ਆਗੇ ਢਾਲ।
ਸੋਟਨ ਸੋਂ ਉਨ ਢਾਲ ਕੋ ਕੀਨੋ ਬੁਰੋ ਹਵਾਲ।੩੩।

ਜਦ ਤੀਰਾਂ-ਤਲਵਾਰਾਂ ਸੋਟਿਆਂ ਦੀ ਲੜਾਈ ਵਿਚ ਤੁਰਕਾਂ ਦੇ ਸਿੰਘ ਕਾਬੂ ਨਾ ਆਏ ਤਾਂ ਜਲਾਲੁੱਦੀਨ ਖ਼ਾਂ ਨੇ ਬੰਦੂਕਾਂ ਭਰ ਕੇ ਸਿੰਘਾਂ ਉਤੇ ਦਾਗਣ ਦਾ ਹੁਕਮ ਦਿਤਾ। ਨਾਲੇ ਹੱਲਾ-ਸ਼ੇਰੀ ਦਿਤੀ ਕਿ ਹੁਣ ਤਾਂ ਦੋਵੇਂ ਡਾਢੇ ਘਾਇਲ ਹੋ ਚੁਕੇ ਹਨ, ਜੇ ਜੀਊਂਦੇ ਨਹੀਂ ਫੜੇ ਜਾਂਦੇ ਤਾਂ ਗੋਲੀਆਂ ਨਾਲ ਹੱਡ, ਲੱਤਾਂ, ਬਾਹੀਂ ਤੋੜ ਸੁੱਟੋ। ਲੱਗੀਆਂ ਫੇਰ ਭਰ ਭਰ ਬੰਦੂਕਾਂ ਦੱਗਣ :—

ਤੋ ਤੁਰਕਨ ਬੰਦੂਕ ਸੰਭਾਰੀ। ਲਾਵੈਂ ਸਿੰਘਨ ਗੋਲੀ ਭਾਰੀ।੩੪।
ਜਹਾਂ ਲਗੇ ਹੱਡ ਦੇਵੈ ਤੋੜ। ਸੋਟੇ ਲਾਂਵੈਂ ਹੱਥ ਦੈ ਫੋੜ।
ਸਿੰਘ ਸੋਟੇ ਹੱਥ ਖੱਬੇ ਫੜੇ। ਮਾਰ ਬੰਦੂਕਨ ਲੰਗੜੇ ਕਰੇ।
ਜਬ ਸਿੰਘਨ ਕੀ ਟੰਗ ਦਈ ਤੋੜ। ਕਹੈਂ ਸਿੰਘਨ ਅਬ ਮਿਲੋ ਹੱਥ ਜੋੜ।
ਤੁਮਰੀ ਅੱਬ ਹਮ ਬਖਸ਼ੀ ਜਾਨ। ਰਖੈਂ ਤੁਮੈਂ ਕਰ ਮੁਸਲਮਾਨ।੩੬।

ਜਦ ਸੱਜੀ ਬਾਂਹ ਤੇ ਲੱਤ ਪੈਰ ਟੁਟ ਗਏ ਤਾਂ ਇਕੋ ਲੱਤ ਤੇ ਲੰਗੜੀ ਤੋਰ ਹੀ ਖੱਬੇ ਹੱਥ ਸ਼ਸਤਰ ਲੈ ਕੇ ਲੜਨ ਲੱਗੇ।



www.AKJ.Org

ਸੁਣੋ, ਭੰਗੂ ਜੀ ਕੀ ਦਸਦੇ ਹਨ :—

ਦੋਹਰਾ—ਸਿੰਘ ਉਠੇ ਇਕ ਟੰਗ ਸਿਉਂ, ਇਕ ਟੰਗਨ ਕੀ ਤੋਰ ।
ਖਾਯੋ ਵਤ ਕਰਲਾਂ ਕਰੈਂ. ਮਾਰ ਸੋਟਨ ਸਿਰ ਦਯੋ ਫੋਰ ।੩੭।

ਚੌਪਈ—ਤੋ ਉਹਾਂ ਸਿੰਘ ਜਾਂ ਡਿਗ ਪਏ । ਗੋਡਨ ਕੂੰਨ ਉਤੈ ਵਲ ਗਏ ।
ਸਿੰਘ ਉਨ ਤੈ ਮੁੜੀ ਨ ਆਂਖ । ਐਸੇ ਗਏ ਬਡੇ ਹਮ ਆਖ ।੩੮।

ਦੋਹਰਾ—ਅਖਾਂ ਤਾਂ ਸੋਈ ਮੋੜੇ, ਜਿਸ ਚਿਤ ਕਿਛ ਸੰਕਾਈ ।
ਜਿਨ ਜੀਵਨ ਆਸਾ ਤਜੀ ਨਹਿੰ, ਵਹਿ ਆਂਖ ਚੁਰਾਈ ।੩੯।
ਸਨਮੁਖ ਸੂਰੇ ਭਿੜਤ ਹੈਂ, ਆਂਖਨ ਆਂਖ ਮਿਲਾਇ ।
ਲਾਲੀ ਮੁਖ, ਭੁਜ ਫਰਕ ਹੈ, ਮੁਖ ਤਲਵਾਰਾਂ ਖਾਇ ।੪੦।

ਚੌਪਈ—ਟੂਕ ਟੂਕ ਸੋ ਤੁਰਕਨ ਕਰੇ । ਮਤ ਸਿੰਘ ਫੇਰ ਨਾ ਹੋਵੈਂ ਖਰੇ ।
ਇਸ ਬਿਧ ਸਿੰਘਨ ਸ਼ਹੀਦੀ ਪਾਈ, ਧੰਨ ਮਾਤਾ ਧੰਨ ਪਿਤਾ ਉਸ ਭਾਈ ।
ਜਾਇ ਰਲੇ ਵੈ ਸ਼ਹੀਦਨ ਡੇਰੇ । ਪੀਰ ਪਿਕੰਬਰ ਫੜ ਜਿਨ ਘੇਰੇ ।[8]

... ... ...

ਜਦ ਦੋਹਾਂ ਦੀਆਂ ਦੋਵੇਂ ਦੋਵੇਂ ਲੱਤਾਂ ਗੋਲੀਆਂ ਮਾਰ ਕੇ ਤੋੜ ਦਿੱਤੀਆਂ, ਸਿੰਘ ਗੋਡਿਆਂ ਪਰਨੇ ਹੋ ਕੇ ਖੱਬੇ ਹੱਥਾਂ ਵਿਚ ਫੜੇ ਸੋਟਿਆਂ ਤੇ ਤਲਵਾਰਾਂ ਨਾਲ ਲੜਦੇ ਰਹੇ । ਗੋਲੀਆਂ ਅਗੇ ਕੀ ਵਾਹ ਸੀ ! ਓੜਕ ਸਿਪਾਹੀਆਂ ਨੇ ਛਾਤੀਆਂ ਤੇ ਸਿਰਾਂ ਵਿਚ ਗੋਲੀਆਂ ਮਾਰ ਕੇ ਦੋਹਾਂ ਨੂੰ ਸ਼ਹੀਦ ਕਰ ਦਿਤਾ । ਸਿਪਾਹੀਆਂ ਦੇ ਦਿਲਾਂ ਤੇ ਐਸੀ ਦਹਿਸ਼ਤ ਬੈਠ ਗਈ ਸੀ ਕਿ ਸ਼ਹੀਦ ਹੋਇਆਂ ਸਿੰਘਾਂ ਦੇ ਵੀ ਲਾਗੇ ਕਾਫੀ ਦੇਰ ਤਕ ਨਾ ਢੁੱਕਣ, ਮਤੇ ਸਿੰਘ ਫੇਰ ਉਠ ਖਲੋਣ । ਜਦ ਤਸੱਲੀ ਹੋ ਗਈ ਤਾਂ ਉਨ੍ਹਾਂ ਆਪਣੇ ਮਾਰੇ ਗਏ ਸਾਥੀਆਂ ਦਾ ਗੁੱਸਾ ਕਢਦਿਆਂ ਦੋਹਾਂ ਸੂਰਮਿਆਂ ਦੇ ਤਲਵਾਰਾਂ ਨਾਲ ਸੈਂਕੜੇ ਟੋਟੇ ਕਰ ਸੁੱਟੇ । ਮਾਨੋ ਕੀਮਾ ਹੀ ਬਣਾ ਦਿਤਾ । ਸਿੰਘਾਂ 'ਵੱਜੀ ਬੋਲੀ' ਦਾ ਦਾਗ ਆਪਣੇ ਖੂਨ ਨਾਲ ਧੋ ਕੇ, ਸੁਰਖ਼ਰੂ ਹੋ, ਆਪਣੇ ਸ਼ਹੀਦ ਬੀਰ ਬਹਾਦਰ ਸਿੰਘਾਂ ਵਿਚ ਜਾ ਬਿਰਾਜੇ । ਤੀਹਾਂ ਤੋਂ ਵਧ ਫ਼ੌਜਦਾਰ ਜਲਾਲੁੱਦੀਨ ਦੇ ਬੰਦੇ ਮਾਰੇ ਗਏ । ਇਸ ਸਾਕੇ ਨੇ ਸਾਰੇ ਦੇਸ਼ ਵਿਚ ਤਰਥਲੀ ਮਚਾ ਦਿਤੀ ।

**ਇਸ ਸਪਿਰਿਟ ਦਾ ਸ੍ਰੋਤ—**

ਸਿੰਘਾਂ ਵਿਚ ਇਸ ਅਦੁੱਤੀ ਸਪਿਰਿਟ ਦਾ ਸ੍ਰੋਤ ਦਸਮੇਸ਼ ਜੀ ਦਾ ਖੰਡੇ ਬਾਟੇ ਦਾ ਅੰਮ੍ਰਿਤ ਹੈ । ਇਹ ਦਾਤਿ ਪਾ ਕੇ ਗੁਰੂ ਮਹਾਰਾਜ ਦੇ ਪੰਥ ਨੂੰ ਉਜਾਗਰ ਤੇ ਆਬਦਾਰ ਰਖਣ ਵਾਸਤੇ, ਜਦ ਵੀ ਸਮੇਂ ਨੇ ਵੰਗਾਰ ਪਾਈ, ਸਿੰਘਾਂ ਅਜਿਹੇ ਅਨੇਕਾਂ ਕਾਰਨਾਮੇ ਕਰ ਵਿਖਾਏ ਅਤੇ ਇਨ੍ਹਾਂ ਨਾਲ ਸਿਖ ਇਤਿਹਾਸ ਭਰਿਆ ਪਿਆ ਹੈ । ਉਹ ਆਪਣੀਆਂ ਜਾਨਾਂ ਨੂੰ ਪੰਥ ਦੀ ਅਮਾਨਤ ਸਮਝਦੇ ਸਨ । ਜਦ ਵੀ ਹਰਫ ਆਉਂਦਾ ਦਿਸਿਆ, ਅਣਖ ਨੂੰ ਵੱਟਾ ਲਗਦਾ ਨਜ਼ਰ ਆਇਆ, ਉਹ ਸਨਮੁਖ ਹੋ ਕੇ ਜੂਝੇ ਤੇ ਪੰਥ ਦੀ ਆਨ ਸ਼ਾਨ ਤੇ ਚੜ੍ਹਦੀ ਕਲਾ ਦੀ ਸ਼ਮਾਅ ਉਤੇ ਪਰਵਾਨਿਆਂ ਵਾਂਗ ਭੁਜ ਮਰੇ । ਅਸਲ ਗੱਲ ਇਹ ਹੈ ਕਿ ਉਹ ਜੀਉਂਦੇ ਹੀ ਕੇਵਲ ਮਰਦਾਂ ਵਾਂਗ ਮਰਨ ਵਾਸਤੇ ਸਨ । ਮੌਤ ਦਾ ਉਨ੍ਹਾਂ ਕਦੇ ਭਉ ਮੰਨਿਆ ਹੀ ਨਹੀਂ ਸੀ । ਜ਼ਿੰਦਗੀ ਦੀ ਲਾਲਸਾ ਰਖਣ ਵਾਲਾ ਉਨ੍ਹਾਂ ਦੇ ਮਾਰਗ 'ਤੇ ਨਹੀਂ ਸੀ ਚੱਲ ਸਕਦਾ । ਅੰਮ੍ਰਿਤ ਛਕ ਕੇ ਉਹ ਹੀ ਸਿੰਘ ਸਜਦਾ ਸੀ ਜਿਸ ਨੇ ਦੇਸ਼ ਧਰਮ ਦੀ ਖਾਤਰ ਸਨਮੁਖ ਹੋ ਕੇ ਮਰਨਾ ਕਬੂਲ ਲਿਆ ਹੋਵੇ । ਇਹ ਮਾਰਗ ਅਖਤਿਆਰ ਕਰ ਕੇ ਅੰਮ੍ਰਿਤ ਛਕਣ ਵਾਲਿਆਂ ਨੇ ਤਾਂ ਸਮਝਣਾ ਹੀ ਸੀ, ਸਗੋਂ ਉਹਦੇ ਘਰ ਦੇ ਜੀਅ ਵੀ ਇਹ ਸਮਝ ਲੈਂਦੇ ਸਨ ਕਿ ਪੰਥ ਦੀ ਖ਼ਾਤਰ ਮਰਦਾਨਾ-ਵਾਰ ਮਰਨ ਵਾਸਤੇ ਹੀ ਇਹ ਸਿੰਘ ਸਜਿਆ ਹੈ । ਉਨ੍ਹਾਂ ਵਕਤਾਂ ਵਿਚ ਤਾਂ ਮਾਵਾਂ ਵੀ ਅੰਮ੍ਰਿਤਧਾਰੀ ਪੁੱਤਰ ਸੰਬੰਧੀ ਇਕ ਵਿਸ਼ੇਸ਼ ਉੱਤਰ ਦੇਂਦੀਆਂ । ਜੇ ਕੋਈ ਇਕ ਔਰਤ ਦੂਸਰੀ ਸਿਖ ਔਰਤ ਨੂੰ ਪੁਛਦੀ, ਤੇਰੇ ਕਿੰਨੇ ਪੁੱਤਰ ਹਨ ਤਾਂ ਉਹ ਜਵਾਬ ਦੇਂਦੀ ਕਿ ਹੈ ਤਾਂ ਚਾਰ ਸਨ, ਪਰ ਇਕ ਨੇ ਅੰਮ੍ਰਿਤ ਛਕ ਲਿਆ ਹੈ ਤੇ ਸਿੰਘ ਸੱਜ ਗਿਆ



www.AKJ.Org

ਹੈ ।[5] ਇਸ ਦਾ ਸਪੱਸ਼ਟ ਭਾਵ ਇਹ ਹੈ ਕਿ ਉਸ ਕਰੜੇ ਦੌਰ ਵਿਚ ਸਿੰਘ ਬਣਨਾ ਸਿੱਧਾ ਮੌਤ ਦੇ ਮੂੰਹ ਪੈਣ ਬਰਾਬਰ ਸੀ। ਪਰ ਅਸ਼ਕੇ ਉਨ੍ਹਾਂ ਸੂਰਮਿਆਂ ਦੇ, ਜੋ ਅਡੋਲ ਨਿਸਚੇ ਨਾਲ ਅੰਮ੍ਰਿਤ ਛਕ ਕੇ ਪੰਥ ਦੀ ਖ਼ਾਤਰ ਵਧ ਵਧ ਕੇ ਮੌਤ ਦੇ ਗਲ ਲਗਦੇ ਰਹੇ । ਅਸਲ ਵਿਚ ਇਹੋ ਹੀ ਸਿੱਖੀ ਦਾ ਸੁਨਹਿਰੀ ਯੁਗ ਸੀ ।

## ਹਵਾਲੇ ਤੇ ਫੁਟ-ਨੋਟ

੧. ਭੜਾਣਾ ਜਾ ਭੜਾਣਾ, ਇਹ ਪਿੰਡ ਹੁਣ ਪਾਕਿਸਤਾਨ ਵਿਚ ਹੈ । ਬਾਬੇ ਜਲ੍ਹਣ ਤੇ ਚੌਧਰੀ ਸਾਹਿਬ ਰਾਏ ਦਾ ਪਿੰਡ ਨੌਸ਼ਹਿਰਾ ਹਿੰਦ-ਪਾਕ ਦੀ ਪਛਮੀ ਹੱਦ-ਰੇਖਾ ਉਤੇ ਸਥਿਤ ਹੈ । ਇਸ ਦੀਆਂ ਬਾਹਰਲੀਆਂ ਗਲੀਆਂ ਨਾਲ ਦੀ ਹੱਦ ਲੰਘਦੀ ਹੈ ਤੇ ਦੋਵੇਂ ਪਿੰਡ ਬਿਲਕੁਲ ਆਹਮੋ ਸਾਹਮਣੇ ਹਨ । ਭੜਾਣਾ ਹੱਦ-ਰੇਖਾ ਤੋਂ ਕੇਵਲ ਇਕ ਕਿਲੋਮੀਟਰ ਪਿਛੇ ਹੈ । ਬਾਬਾ ਤਾਰਾ ਸਿੰਘ ਵਾਂ ਦੇ ਨਾਲ ਸ਼ਹੀਦ ਹੋਣ ਵਾਲੇ ਦੋ ਭਰਾ ਗੁਰਬਖਸ਼ ਸਿੰਘ ਤੇ ਮਾਲੀ ਸਿੰਘ ਦਾ ਪਿੰਡ ਵੀ ਇਹੋ ਭੜਾਣਾ ਹੀ ਸੀ । ਸੰਧੂ ਗੋਤ ਦੇ ਜੱਟ ਇਸ ਵਿਚ ਵਸਦੇ ਸਨ ।

੨. ਜਗਾਤ ਲਾਉਣ ਵਾਲੀ ਥਾਂ ਲਾਹੌਰ ਵਾਲੀ ਸ਼ਾਹੀ ਸੜਕ, ਜੋ ਨੂਰਦੀਨ ਦੀ ਸਰਾਂ ਨਾਲ ਦੀ ਲੰਘ ਕੇ ਤਰਨ-ਤਾਰਨ ਥਾਣੀ ਗੋਇੰਦਵਾਲ ਪੱਤਣ ਨੂੰ ਲੰਘਦੀ, ਸੁਲਤਾਨਪੁਰ ਲੋਧੀ, ਨਕੋਦਰ, ਨੂਰ ਮਹੱਲ ਦੀ ਸਰਾਂ ਵਿਚ ਦੀ ਹੁੰਦੀ ਤਲਵਣੋਂ ਸਤਲੁਜ ਪਾਰ ਕਰ ਕੇ ਸਰਹਿੰਦ ਪਹੁੰਚ ਕੇ ਦਿੱਲੀ ਅੱਪੜਦੀ ਸੀ, ਉਤੇ ਨੂਰਦੀਨ ਦੀ ਸਰਾਂ ਤੋਂ ਡੇਢ ਕਿਲੋਮੀਟਰ ਚੜ੍ਹਦੇ ਪਾਸੇ ਤਰਨ ਤਾਰਨ ਤੋਂ ੫ ਕਿਲੋਮੀਟਰ ਪੱਛਮ ਵਿਚ ਸਥਿਤ ਹੈ । ਇਥੇ ਹੀ ਸਿੰਘ ਜਲਾਲੁਦੀਨ ਦੀ ਫੌਜ ਨਾਲ ਲੜ ਕੇ ਸ਼ਹੀਦ ਹੋਏ ਸਨ । ਸੜਕੋਂ ੫੦ ਗਜ਼ ਹਟ ਕੇ ਦੱਖਣ ਵਿਚ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਬੜਾ ਆਲੀਸ਼ਾਨ ਗੁਰਦਵਾਰਾ ਸਾਹਿਬ ਬਣਿਆ ਹੋਇਆ ਹੈ ।

੩. ਗਿ: ਗਿਆਨ ਸਿੰਘ ਸ਼ਮਸ਼ੇਰ ਖ਼ਾਲਸਾ (ਗੁਰਮੁਖੀ) ਪੰਨਾ ੭੬, ਖ਼ਾਨੋ (ਖ਼ਾਨਮ ਬੇਗਮ) ਨਵਾਬ ਖਾਨ ਬਹਾਦਰ ਦੀ ਵੱਡੀ ਭੈਣ ਅਤੇ ਫ਼ਰਜ਼ੁੱਲਾ ਖਾਨ (ਜ਼ਫ਼ਰੁੱਲਾ ਖਾਨ ?) ਦੀ ਇਸਤ੍ਰੀ ਸਿੰਘਾਂ ਦੀ ਵੱਡੀ ਵੈਰਨ ਸੀ । ਸਿੰਘਾਂ ਨੂੰ ਮਾਰ ਮੁਕਾਉਣ ਲਈ ਮੁਲਾਣਿਆਂ ਵਾਂਗ ਹੀ ਇਹ ਆਪਣੇ ਭਰਾ ਖਾਨ ਬਹਾਦਰ ਨੂੰ ਹਮੇਸ਼ਾ ਤੁਖਣਾ ਦੇਂਦੀ ਰਹਿੰਦੀ । ਫੜੇ ਆਏ ਸਿੰਘਾਂ ਨੂੰ ਬੜੇ ਬੜੇ ਤਸੀਹੇ ਦਿਵਾ ਕੇ ਮਰਵਾਉਣ ਵਿਚ ਇਸ ਨੂੰ ਬੜਾ ਮਜ਼ਾ ਆਉਂਦਾ ਸੀ । (ਭੰਗੂ, ਪੰਨਾ ੨੪੪, ਨਵੀਂ ਛਾਪ ।

੪. ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼—ਸਫ਼ਾ ੨੪੪-੪੬, ਨਵੀਂ ਛਾਪ ।

੫. ਡਾ: ਗੋਕਲ ਚੰਦ ਨਾਰੰਗ—ਟ੍ਰਾਂਸਫ਼ਾਰਮੇਸ਼ਨ ਆਫ਼ ਸਿਖਿਜ਼ਮ (ਅੰਗਰੇਜ਼ੀ), ਸਫ਼ਾ ੮੯

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | | | | |
|---|---|---|---|---|
| ਕੇਸਕੀ [ਦਸਤਾਰ] | ੨-੫੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | | ੧-੫੦ |
| ਖਾਲਸਾ ਰਹਿਤ ਮਰਜਾਦਾ | ੩-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੨-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਰਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੧-੦੦ |
| | | ਗੁਰਮਤਿ ਅਨਹਦ ਸ਼ਬਦ | ,, | ੧-੦੦ |
| HAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੭੫ |
| Dawn of Divine Wisdom | 1-50 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਵਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੧-੦੦ |
| ਗੁਰਬਾਣੀ ਰਹਿਤਨਾਮਾ | ੧-੦੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਰਾਗਮਾਲ ਬਾਰੇ ਵਿਚਾਰ [ਉਘੇ ਵਿਦਵਾਨ] | | ੧-੫੦ |





www.AKJ.Org

# ਸਮੱਸਿਆ ਸਿਖ ਵਕਾਰ ਦੀ ਬਹਾਲੀ ਦੀ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਅੱਜ ਅਸੀਂ ਕ੍ਰੋਧ ਨਾਲ ਹੁਰਲ ਹੁਰਲ ਕਰਦੇ ਫਿਰਦੇ ਹਾਂ। ਕਹਿੰਦੇ ਹਾਂ ਕਿ ਕੌਮ ਦਾ ਵਕਾਰ ਜ਼ਖ਼ਮੀ ਹੈ। ਅਤਿ ਘਿਨਾਉਣੇ ਜ਼ੁਲਮਾਂ ਦਾ ਸ਼ਿਕਾਰ ਅਸੀਂ ਹੋਏ ਹੋਏ ਹਾਂ। ਬਦਲਾ ਲੈਣ ਲਈ ਅਸੀਂ ਉਬਲਦੇ ਪਏ ਹਾਂ, ਪਰ ਮੈਂ ਪੁਛਣਾ ਚਾਹੁੰਦਾ ਹਾਂ, ਜੇਕਰ ਜ਼ਾਲਮ ਤੇ ਜ਼ੋਰ ਨਾ ਚਲੇ ਤਾਂ ਬੇਗੁਨਾਹਾਂ ਦਾ ਖ਼ੂਨ ਕਰਨਾ ਕਿਵੇਂ ਜਾਇਜ਼ ਹੈ? ਸੱਚ ਮੰਨੋ, ਜਦੋਂ ਵੀ ਕਿਸੇ ਬੇਗੁਨਾਹ ਦਾ ਖ਼ੂਨ ਹੁੰਦਾ ਹੈ, ਮੇਰੇ ਧੁਰ ਅੰਦਰੋਂ ਦਰਦ ਜਾਗਦਾ ਹੈ। ਜੇ ਸਾਡੇ ਪਰਿਵਾਰ ਚੋਂ ਕਿਸੇ ਨੂੰ ਕੋਈ ਮਾਰ ਜਾਵੇ ਤਾਂ ਅਸੀਂ ਤੜਪ ਉਠਦੇ ਹਾਂ। ਪਰ ਜੇ ਅਸੀਂ ਕਿਸੇ ਦੇ ਪਰਿਵਾਰ ਚੋਂ ਕਿਸੇ ਨੂੰ ਮਾਰ ਆਉਂਦੇ ਹਾਂ ਤਾਂ ਅਸੀਂ ਹੋਰਾਂ ਤੋਂ ਵਖਰੇ ਕਿਵੇਂ ਹੋਏ ? ਸਾਡੇ ਲਈ ਬਾਬੇ ਸਾਹਿਬ ਸਿੰਘ ਦੀ ਮਿਸਾਲ ਤੋਂ ਸਬਕ ਲੈਣਾ ਬਣਦਾ ਹੈ। ਅਸੀਂ ਆਪਣੇ ਕ੍ਰੋਧ ਉਪਰ ਸਵਾਰ ਹੋਈਏ, ਕ੍ਰੋਧ ਸਾਡੇ ਉਪਰ ਸਵਾਰ ਨਾ ਹੋਵੇ। ਅਤਿ ਦੇ ਦੁਖ ਵੇਲੇ ਵੀ ਆਚਰਣਹੀਣਤਾ ਸਾਡੇ ਨੇੜੇ ਨਾ ਲਗੇ। ਅੱਜ ਸਭ ਤੋਂ ਵਧ ਸਾਧ-ਬਿਰਤੀ ਦੀ ਲੋੜ ਹੈ। ਭਾਈ ਗੁਰਦਾਸ ਜੀ ਦੇ ਇਹ ਬਚਨ ਯਾਦ ਆਉਂਦੇ ਹਨ :

ਥੰਮੇ ਕੋਇ ਨ ਸਾਧ ਬਿਨੁ, ਸਾਧੁ ਨ ਦਿਸੈ ਜਗ ਵਿਚ ਕੋਆ ॥ (ਵਾਰ ੧, ਪਉੜੀ ੨੨)

ਮੈਨੂੰ ਅਤਿਅੰਤ ਖੁਸ਼ੀ ਹੋਈ ਜਦੋਂ ਬਟਾਲੇ ਦੇ ਪੁਲਿਸ-ਅਫਸਰ ਦਾ ਅਗਵਾ-ਸ਼ੁਦਾ ਬੇਟਾ, ਸਿੱਖ ਮਰਯਾਦਾ ਨੂੰ ਮੁਖ ਰਖਦਿਆਂ ਵਾਪਸ ਕਰ ਦਿਤਾ ਗਿਆ। ਮੈਨੂੰ ਫਿਰ ਖੁਸ਼ੀ ਹੋਈ ਜਦੋਂ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਸਾਹਿਬ ਨੇ ਜਬਰਨ ਪੈਸਾ ਐਠਣ ਵਾਲਿਆਂ ਦੇ ਬਰਖ਼ਿਲਾਫ਼ ਮੁਹਿੰਮ ਦਾ ਐਲਾਨ ਕੀਤਾ। ਜਦੋਂ ਵੀ ਅੰਦੋਲਨਾਂ ਵਿਚ ਨੈਤਿਕ ਵਿਗਾੜ ਪੈ ਜਾਵੇ ਤਾਂ ਉਚੇਚੇ ਆਚਰਣਕ ਉੱਦਮ ਦੀ ਲੋੜ ਹੁੰਦੀ ਹੈ। ਅੱਜ ਅਜਿਹੇ ਉੱਦਮ ਦੀ ਸਦਾ ਨਾਲੋਂ ਵੱਧ ਲੋੜ ਹੈ। ਲੀਡਰ ਉਹ ਹੁੰਦਾ ਹੈ ਜੋ ਆਪਣਾ ਨਹੀਂ ਜਨਤਾ ਦਾ ਭਲਾ ਚਿਤਵਦਾ ਹੈ। ਸਿੱਖ ਲੀਡਰ ਤਾਂ ਇਸ ਤੋਂ ਵੀ ਉਪਰ ਹੋਣਾ ਚਾਹੀਦਾ ਹੈ। ਉਸ ਲਈ ਤਾਂ ਸਰਬੱਤ ਦਾ ਭਲਾ ਚਿਤਵਨ ਦਾ ਆਦੇਸ਼ ਹੈ।

ਅਫ਼ਸੋਸ ਇਹ ਹੈ ਕਿ ਅਸੀਂ ਫ਼ਰਜ਼ੀ ਫ਼ਰਜ਼ੀ 'ਬਿਰਦ ਕੀ ਪੈਜ' ਮੰਗਦੇ ਹਾਂ। ਇਹ ਜਾਣਦੇ ਤਕ ਨਹੀਂ ਕਿ ਜੋ ਕੁਝ ਮੰਗ ਰਹੇ ਹਾਂ, ਉਸ ਦਾ ਅਰਥ ਕੀ ਹੈ ? ਇਸ ਨਾਲ ਸਾਡੇ ਉਪਰ ਕੀ ਜ਼ਿੰਮੇਵਾਰੀ ਹੁੰਦੀ ਹੈ।

ਅਜ ਸਮਾਂ ਹੈ ਆਪਣੇ ਅੰਦਰ ਝਾਤ ਮਾਰਨ ਦਾ।

ਆਓ ਹੁਣ ਇਕਬਾਲ ਕਰੀਏ ਕਿ ਅਸੀਂ ਸਤਿਗੁਰਾਂ ਦੀ ਪ੍ਰਤੀਤ ਗੁਆ ਬੈਠੇ ਹਾਂ, ਸੋ ਸਤਿਗੁਰਾਂ ਦਾ ਪਾਵਨ ਤੇਜ ਸਾਨੂੰ ਪ੍ਰਾਪਤ ਨਹੀਂ। ਇਹੋ ਕਾਰਨ ਸਾਡੇ ਵਕਾਰ ਦੀ ਅਧੋਗਤੀ ਦਾ ਹੈ। ਸਤਿਗੁਰਾਂ ਦਾ ਸਾਡੇ ਨਾਲ ਬਚਨ ਸੀ :

ਜਬ ਲਗ ਖ਼ਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥<br>
ਜਬ ਇਹ ਗਹੇ ਬਿਪਰਨ ਕੀ ਰੀਤ ॥ ਮੈ ਨ ਕਰੋਂ ਇਨ ਕੀ ਪਰਤੀਤਿ ॥

ਇਸ ਦੇ ਸਹੀ ਅਰਥ ਇਹ ਹਨ ਕਿ ਜਦੋਂ ਤਕ ਖ਼ਾਲਸਾ ਆਪਣੀ ਆਚਰਣਕ ਮੌਲਕਤਾ ਨੂੰ ਬਰਕਰਾਰ ਰਖੇਗਾ, ਗੁਰੂ ਬਰਕਤ ਉਸ ਉਪਰ ਵਰਤਦੀ ਰਹੇਗੀ। ਪਰ ਜੇ ਮੌਲਕਤਾ ਤੋਂ ਗਿਰ ਕੇ ਉਹ ਮੁੜ ਬ੍ਰਾਹਮਣੀ ਰੀਤਾਂ ਗ੍ਰਹਿਣ ਕਰੇਗਾ ਤਾਂ ਸਤਿਗੁਰੂ ਦਾ ਇਤਬਾਰ ਉਸ ਤੋਂ ਉਠ ਜਾਏਗਾ।

ਆਓ ਵਿਚਾਰੀਏ ਕਿ "ਬਿਪਰਨ ਕੀ ਰੀਤ" ਦੀ ਕੀ ਵਿਆਖਿਆ ਹੈ, ਤੇ ਸੋਚੀਏ ਕਿਤੇ ਅਸੀਂ ਮੁੜ ਬ੍ਰਾਹਮਣੀ ਰੀਤੀ ਵਿਚ ਫੱਸ ਤਾਂ ਨਹੀਂ ਗਏ ?

**ਪਹਿਲੀ ਬ੍ਰਾਹਮਣੀ ਰੀਤੀ** ਜਿਸ ਤੋਂ ਸਤਿਗੁਰਾਂ ਸਾਨੂੰ ਵਰਜਿਆ ਸੀ, ਉਹ ਜਾਤ-ਪਾਤ ਦੀ (ਵਰਨ-ਆਸ਼੍ਰਮ ਦੀ) ਰੀਤੀ ਸੀ। ਕੀ ਅਸੀਂ ਇਸ ਤੋਂ ਮੁਕਤ ਹਾਂ ? ਕੁਝ ਚਿਰ ਹੋਏ ਦਾਰਸਸਲਾਮ (ਤਨਜ਼ਾਨੀਆ) ਵਿਚ ਮੈਂ ਨਾਮਧਾਰੀ ਆਗੂ ਸ੍ਰੀ ਜਗਜੀਤ ਸਿੰਘ ਜੀ ਨੂੰ ਮਿਲਣ ਗਿਆ, ਜੋ ਉਥੇ ਤਸ਼ਰੀਫ਼ ਲਿਆਏ ਹੋਏ ਸਨ। ਮੈਂ ਉਹਨਾਂ ਨੂੰ ਬੇਨਤੀ ਕੀਤੀ, "ਪੰਥਕ ਏਕਤਾ ਵਾਸਤੇ ਕੁਝ ਕਰਨਾ ਚਾਹੀਦਾ ਹੈ।" ਉਹਨਾਂ ਤੁਰਤ ਜਵਾਬ ਦਿਤਾ, "ਵੇਖੋ



www.AKJ.Org

ਡਾਕਟਰ ਸਾਹਿਬ, ਸਾਡਾ ਅਕਾਲੀਆਂ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਉਹ ਮਜ਼ਬੀ ਸਿੱਖਾਂ ਨਾਲ ਵਰਤਦੇ ਹਨ, ਅਸੀਂ ਉਨ੍ਹਾਂ ਨਾਲ ਨਹੀਂ ਵਰਤ ਸਕਦੇ।'' ਮੈਨੂੰ ਨਾਮਧਾਰੀਆਂ ਦੀ ਇਸ ਗੱਲ ਦਾ ਪਤਾ ਨਹੀਂ ਸੀ, ਸੋ ਮੈਂ ਸੁਣ ਕੇ ਹੱਕਾ-ਬੱਕਾ ਹੋ ਗਿਆ। ਫਿਰ ਵੀ ਮੈਂ ਹੱਥ ਬੰਨ੍ਹ ਕੇ ਬੇਨਤੀ ਕੀਤੀ, 'ਜਿਸ ਗੱਦੀ ਤੇ ਤੁਸੀਂ ਬਿਰਾਜਮਾਨ ਹੋਏ ਮੰਨੇ ਜਾਂਦੇ ਹੋ, ਉਸ ਗੱਦੀ ਦਾ ਤਾਂ ਬਿਰਦ ਸੀ :

ਨੀਚਾਂ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ ॥੪॥੩॥ (ਸਿਰੀ ਰਾਗੁ ਮ: ੧, ਪੰਨਾ ੧੫

ਪਰ ਉਹ ਕਹਿਣ ਲਗੇ, ''ਨਹੀਂ ਡਾਕਟਰ ਸਾਹਿਬ, ਮਜ਼ਬੀ ਸਿੱਖਾਂ ਨਾਲ ਅਸੀਂ ਤਾਂ ਨਹੀਂ ਵਰਤ ਸਕਦੇ।'' ਮੈਂ ਚੁਪ ਕਰ ਰਿਹਾ, ਮੈਨੂੰ ਸਮਝ ਆ ਗਈ ਬ੍ਰਾਹਮਣਵਾਦ ਕਿਤਨੀ ਸ਼ਿੱਦਤ ਨਾਲ ਵਰਤ ਰਿਹਾ ਹੈ। ਇਹ ਗੱਲ ਕੇਵਲ ਨਾਮਧਾਰੀਆਂ ਤੇ ਹੀ ਲਾਗੂ ਨਹੀਂ। ਪੰਜਾਬ ਦੇ ਪਿੰਡਾਂ ਵਿਚ ਹੋਰ ਸਿੱਖ ਵੀ ਮਜ਼ਬੀ (ਨੀਚ ਜਾਤਾਂ ਤੋਂ ਸਜੇ) ਸਿੱਖਾਂ ਨੂੰ ਹਕਾਰਤ ਦੀ ਨਜ਼ਰ ਨਾਲ ਵੇਖਦਾ ਹੈ।

ਦਰ-ਅਸਲ ਅਜ ਅਸੀਂ ਜਾਤਿ ਅਭਿਮਾਨ ਵਿਚ ਗ੍ਰਸੇ ਪਏ ਹਾਂ। ਸਤਿਗੁਰਾਂ ਦਾ ਆਦੇਸ਼ ਤਾਂ ਸੀ :

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥੧॥ (ਭੈਰਉ ਮ: ੩, ਪੰਨਾ ੧੧੨੮

ਪਰ ਅਸੀਂ ਹੁਣ ਜਾਤਿ-ਅਭਿਮਾਨੀ ਹੋਏ ਪਏ ਹਾਂ। ਜੱਟਾਂ ਨੂੰ ਜੱਟਪੁਣੇ ਦਾ ਅਭਿਮਾਨ ਹੈ, ਖਤਰੀਆਂ ਨੂੰ ਖਤਰੀਪੁਣੇ ਦਾ। ਅਰੋੜੇ ਆਪਣੇ ਆਪ ਨੂੰ ਵਧੀਆ ਸਮਝਦੇ ਹਨ, ਆਹਲੂਵਾਲੀਏ ਆਪਣੇ ਆਪ ਨੂੰ, ਤੇ ਰਾਮਗੜ੍ਹੀਏ ਆਪਣੇ ਆਪ ਨੂੰ ਘਟ ਨਹੀਂ ਸਮਝਦੇ। ਮੇਰੇ ਲਈ ਤਾਂ ਸਾਰੇ ਸਤਿਕਾਰਯੋਗ ਹਨ, ਪਰ ਸਿੱਖ ਹੋਣ ਦੇ ਨਾਤੇ।

ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਦੇ ਪ੍ਰਭਾਵਾਂ ਸਦਕਾ ਸਾਡੇ ਨਾਵਾਂ ਨਾਲੋਂ ਗੋਤਾਂ ਲੱਥ ਗਈਆਂ ਸਨ। ਸ਼ਨਾਖ਼ਤ ਲਈ ਅਸਾਂ ਇਲਾਕੇ ਦੇ ਨਾਮ ਨਾਵਾਂ ਨਾਲ ਜੋੜ ਲਏ ਸਨ, ਜਿਵੇਂ ਕਿ ਨਾਗੋਕੇ, ਕੈਰੋਂ, ਮਝੈਲ,ਅੰਬਾਲਵੀ, ਆਦਿ। ਪਰ ਅਜ ਮੁੜ ਅਸਾਂ ਨਾਵਾਂ ਨਾਲ ਗੋਤ ਜੋੜਨੇ ਸ਼ੁਰੂ ਕਰ ਦਿਤੇ ਹਨ। ਇਹ ਇੱਲਤ ਦੁਬਾਰੇ ਆਣ ਚੰਬੜੀ ਹੈ ਤੇ ਧੂਹ ਕੇ ਸਾਨੂੰ ਬ੍ਰਾਹਮਣਵਾਦ ਵਿਚ ਲੈ ਗਈ ਹੈ।

ਇਸੇ ਸੰਦਰਭ ਵਿਚ ਅਸਾਂ ਸਿਆਸੀ ਭੁਲ ਵੀ ਕੀਤੀ। ਉਹ ਇਹ ਕਿ ਸਿੱਖਾਂ ਵਿਚ ਅਨੁਸੂਚਿਤ ਜਾਤੀਆਂ (ਸ਼ਿਡਊਲਡ ਕਾਸਟਸ) ਨੂੰ ਕਾਨੂੰਨ ਅੰਦਰ ਪ੍ਰਵਾਨ ਕਰਵਾਇਆ। ਸਿੱਖਾਂ ਵਿਚ ਤਾਂ ਕੋਈ ਅਛੂਤ ਜਾਤ ਹੈ ਨਹੀਂ, ਫਿਰ ਅਸਾਂ ਕਿਉਂ ਇੰਜ ਕੀਤਾ? ਇਸ ਲਈ ਕਿ ਸਾਨੂੰ ਖ਼ਤਰਾ ਸੀ, ਕਿ ਜੇਕਰ ਮਜ਼ਬੀ ਸਿੱਖਾਂ ਆਦਿ ਲਈ ਨੌਕਰੀਆਂ ਤੇ ਅਸੰਬਲੀ ਦੀਆਂ ਸੀਟਾਂ ਰਾਖਵੀਆਂ ਨਹੀਂ ਹੋਣਗੀਆਂ, ਤਾਂ ਉਹ ਹਿੰਦੂ ਹੋ ਜਾਣਗੇ। ਸਾਨੂੰ ਉਹਨਾਂ ਦਾ ਹਿੰਦੂ ਹੋਣਾ ਤਾਂ ਗਵਾਰਾ ਨਹੀਂ ਸੀ, ਪਰ ਅਸੀਂ ਉਹਨਾਂ ਨਾਲ ਬਰਾਬਰੀ ਦਾ ਸਲੂਕ ਕਰਨ ਨੂੰ ਤਿਆਰ ਨਹੀਂ ਸਾਂ। ਜੇਕਰ ਉਹਨਾਂ ਨੂੰ ਸਿੱਖ ਪੰਥ ਵਲੋਂ ਬਰਾਬਰ ਦਾ ਸਤਿਕਾਰ ਪ੍ਰਾਪਤ ਹੁੰਦਾ, ਜਿਹੜਾ ਹੋਣਾ ਚਾਹੀਦਾ ਸੀ, ਤਾਂ ਉਹਨਾਂ ਦੇ ਹਿੰਦੂ ਹੋਣ ਦਾ ਸਵਾਲ ਕਿਵੇਂ ਪੈਦਾ ਹੁੰਦਾ? ਸਾਨੂੰ ਉਹਨਾਂ ਦੀ ਗਿਣਤੀ ਤਾਂ ਦਰਕਾਰ ਸੀ, ਉਹਨਾਂ ਦਾ ਸਤਿਕਾਰ ਪ੍ਰਵਾਨ ਨਹੀਂ ਸੀ। ਇਸ ਲਈ ਅਸਾਂ ਆਪਣੇ ਧਾਰਮਕ ਆਦੇਸ਼ਾਂ ਦੇ ਬਰਖ਼ਿਲਾਫ਼ ਜਾ ਕੇ ਜਾਤ-ਪਾਤ ਨੂੰ ਆਪਣੇ ਅੰਦਰ ਤਸਲੀਮ ਕਰਵਾ ਲਿਆ। ਮੈਨੂੰ ਤਾਂ ਇਉਂ ਲਗਦਾ ਹੈ ਕਿ ਜਾਤ-ਪਾਤ ਦੀ ਜਿਸ ਜਿਲ੍ਹਣ ਵਿਚੋਂ ਸਤਿਗੁਰਾਂ ਸਾਨੂੰ ਕਢਿਆ ਸੀ, ਅਸੀਂ ਮੁੜ ਉਸੇ ਜਿਲ੍ਹਣ ਵਿਚ ਗ਼ਰਕ ਹੋ ਗਏ ਹਾਂ। ਇਉਂ ਅਸਾਂ ਬ੍ਰਾਹਮਣਵਾਦ ਦੀ ਮੁਢਲੀ ਰੀਤ ਨੂੰ ਬੜੀ ਹਦ ਤਕ ਗ੍ਰਹਿਣ ਕਰ ਲਿਆ ਹੈ।

**ਬ੍ਰਾਹਮਣਵਾਦ ਦੀ ਦੂਜੀ ਵੱਡੀ ਰੀਤ** ਕਰਮ-ਕਾਂਡ ਦੀ ਰੀਤ ਹੈ। ਕਰਮਕਾਂਡ ਦੇ ਸਿਧਾਂਤ ਅਨੁਸਾਰ ਕੋਈ ਵੀ ਕਰਮ ਆਪਣੇ ਫਲ ਤਾਂ ਹੀ ਦੇ ਸਕਦਾ ਹੈ ਜੇਕਰ ਉਹ ਪੂਰਨ ਵਿਧੀ ਨਾਲ ਕੀਤਾ ਜਾਵੇ। ਪੂਰਨ ਵਿਧੀ ਨਾਲ ਕਰਨ ਲਈ ਇਕ ਉਚੇਚੀ ਪ੍ਰੋਹਤ ਸ਼੍ਰੇਣੀ ਜ਼ਰੂਰੀ ਹੈ, ਜੋ ਸਭ ਕੁਝ ਵਿਧੀਵਤ ਕਰਵਾਏ। ਪਰ ਸਤਿਗੁਰਾਂ ਸਾਨੂੰ ਪ੍ਰੋਹਤ ਸ਼੍ਰੇਣੀ ਤੋਂ ਆਜ਼ਾਦ ਕਰਵਾਇਆ। ਉਨ੍ਹਾਂ ਨੇ ਸਿਮਰਨ, ਸੇਵਾ, ਪਾਠ, ਕੀਰਤਨ,ਅਰਦਾਸ ਵਰਗੇ ਐਸੇ ਸਿੱਧੇ ਅਧਿਆਤਮਕ


www.AKJ.Org

ਕਰਮ ਦ੍ਰਿੜ੍ਹ ਕਰਵਾਏ ਜਿਨ੍ਹਾਂ ਲਈ ਕਿਸੇ ਪ੍ਰੋਹਤ ਦੀ ਲੋੜ ਨਹੀਂ ਸੀ, ਜੋ ਹਰ ਕੋਈ ਆਪ ਕਰ ਸਕਦਾ ਸੀ।

ਪਰ ਕੀ ਅਸਾਂ ਮੁੜ ਕਰਮ-ਕਾਂਡ ਸਥਾਪਿਤ ਨਹੀਂ ਕਰ ਲਏ? ਖ਼ੁਸ਼ੀ ਦੇ ਮੌਕੇ ਤੇ ਅਖੰਡ ਪਾਠ ਹੋਣਾ ਚਾਹੀਦਾ ਹੈ, ਗ਼ਮੀ ਦੇ ਮੌਕੇ ਤੇ ਸਪਤਾਹਿਕ ਪਾਠ। ਖੁਸ਼ੀ ਦੇ ਪਾਠ ਦਾ ਭੋਗ ਸਵੇਰੇ ਪੈਣਾ ਚਾਹੀਦਾ ਹੈ, ਗ਼ਮੀ ਦੇ ਪਾਠ ਦਾ ਦੁਪਹਿਰ ਪਿਛੋਂ। ਇਕ ਦਿਨ ਮੈਨੂੰ ਪੁਛਿਆ ਗਿਆ, 'ਅਖੰਡ ਪਾਠ ਦਾ ਭੋਗ ੪੮ ਘੰਟਿਆਂ ਵਿਚ ਪੈਣਾ ਚਾਹੀਦਾ ਹੈ ਕਿ ੪੭ ਵਿਚ?" ਮੈਂ ਕਿਹਾ, ਐਸਾ ਕੋਈ ਵਿਧਾਨ ਨਹੀਂ। ਪੁਛਣ ਵਾਲੇ ਦੀ ਤਸੱਲੀ ਨਾ ਹੋਈ। ਉਹਨਾਂ ਬੰਗਲਾ ਸਾਹਿਬ ਦੇ ਗਰੰਥੀ ਸਾਹਿਬ ਨੂੰ ਜਾ ਪੁਛਿਆ। ਉਹਨਾਂ ਕਿਹਾ, "੪੭ ਘੰਟੇ ਵਿਚ!" ਮੈਨੂੰ ਲਗਿਆ, ਨਾ ਕੇਵਲ ਅਸਾਂ ਪ੍ਰੋਹਤ ਸ਼ਰੇਣੀ ਮੁੜ ਕਾਇਮ ਕਰ ਲਈ ਹੈ; ਇਸ ਪ੍ਰੋਹਤ ਸ਼ਰੇਣੀ ਨੇ ਬ੍ਰਾਹਮਣਾਂ ਵਾਂਗ ਸਾਨੂੰ ਕਰਮ-ਕਾਂਡ ਵਿਚ ਫਸਾ ਲਿਆ ਹੈ, ਤੇ ਅਸੀਂ ਸਭ ਫਸੀ ਤੁਰੀ ਜਾ ਰਹੇ ਹਾਂ।

ਗੁਰੂ ਸਾਹਿਬਾਂ ਵੇਲੇ ਅਖੰਡ ਪਾਠਾਂ ਦਾ ਕੋਈ ਰਿਵਾਜ ਨਹੀਂ ਸੀ। ਅਖੰਡ ਪਾਠ ਤਾਂ ਉਦੋਂ ਹੋਣੇ ਸ਼ੁਰੂ ਹੋਏ ਜਦ ਸਿੰਘਾਂ ਦੇ ਜਥੇ ਜੰਗਲਾਂ-ਬਨਾਂ ਵਿਚ ਭਟਕਦੇ ਫਿਰਦੇ ਸਨ। ਉਹ ਗੁਰੂ ਮਹਾਰਾਜ ਦੀ ਬੀੜ ਆਪਣੇ ਸੰਗ-ਸਾਥ ਰਖਦੇ ਅਤੇ ਜਿਥੇ ਕਿਤੇ ਦੋ ਦਿਨ ਟਿਕਣ ਨੂੰ ਮਿਲ ਜਾਂਦੇ,ਉਥੇ ਸਾਰੇ ਵਾਰੀ ਵਾਰੀ ਲਗ ਕੇ ਸੰਪੂਰਨ ਪਾਠ ਕਰ ਲੈਂਦੇ। ਉਹਨਾਂ ਕਦੇ ਇਹ ਨਹੀਂ ਸੀ ਸੋਚਿਆ ੪੮ ਘੰਟੇ ਲਗਣਗੇ,ਕਿ ੪੭,ਕਿ ੫੦ ਘੰਟੇ। ਉਹ ਤਾਂ ਜੇਕਰ ਸੰਪੂਰਨ ਪਾਠ ਸਮਾਪਤ ਹੋ ਜਾਂਦਾ ਸੀ ਤਾਂ ਸਤਿਗੁਰਾਂ ਦਾ ਧੰਨਵਾਦ ਕਰਦੇ ਸਨ। ਮੈਂ ਪੁਛਦਾ ਹਾਂ, ਇਹ '੪੭ ਘੰਟੇ' ਦੀ ਗੱਲ ਕਿਥੋਂ ਆਈ?

(ਅਸੀਂ ਘਰ ਬੈਠਿਆਂ ਦਰਬਾਰ ਸਾਹਿਬ ਅੰਮ੍ਰਿਤਸਰ ਪੈਸੇ ਭੇਜ ਕੇ ਪਾਠ ਦਾ ਮਹਾਤਮ ਪ੍ਰਾਪਤ ਕਰਿਆ ਲੋੜਦੇ ਹਾਂ, ਪਰ) ਸੱਚ ਜਾਣੋ, ਪਾਠ ਦਾ ਮਹਾਤਮ ਕੇਵਲ ਉਸ ਨੂੰ ਪ੍ਰਾਪਤ ਹੁੰਦਾ ਹੈ ਜੋ ਚਿੱਤ ਜੋੜ ਕੇ ਪਾਠ ਕਰੇ ਜਾਂ ਸੁਣੇ। ਭਾੜੇ ਦੇ ਪਾਠ ਦਾ ਮਹਾਤਮ ਨਾ ਕਰਨ ਵਾਲੇ ਨੂੰ, ਨਾ ਰਖਵਾਉਣ ਵਾਲੇ ਨੂੰ। ਇਹ ਤਾਂ ਨਿਰਾ ਕਰਮਕਾਂਡੀ ਬ੍ਰਾਹਮਣਵਾਦ ਹੈ। ਪਰ ਅਸੀਂ ਇਸ ਵਿਚ ਗਲ-ਗਲ ਤਕ ਫੱਸੇ ਬੈਠੇ ਹਾਂ।

**ਬ੍ਰਾਹਮਣਵਾਦ ਦੀ ਤੀਜੀ ਰੀਤ** ਬੁੱਤ-ਪ੍ਰਸਤੀ ਦੀ ਹੈ। ਸਿੱਖੀ ਵਿਚ ਇਸ ਦੀ ਕੋਈ ਥਾਂ ਨਹੀਂ, ਪਰ ਇਹ ਵੀ ਅਗਿਆਤ ਰੂਪ ਵਿਚ ਸਾਡੇ ਅੰਦਰ ਆ ਵੜੀ ਹੈ। ਸਿੱਖੀ ਵਿਚ ਤਾਂ ਕੇਵਲ ਅਕਾਲ ਪੁਰਖ ਦੀ ਜਾਗਤ ਜੋਤਿ ਦੀ ਉਪਾਸ਼ਨਾ ਦਾ ਵਿਧਾਨ ਹੈ:

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥ (੩੩ ਸਵੱਯੇ, ੧-੧

ਅਕਾਲ ਪੁਰਖ ਦੀ ਅਰਾਧਨਾ ਲਈ ਧੁਰ ਕੀ ਬਾਣੀ ਦੇ ਪਾਠ ਦਾ ਸਾਨੂੰ ਆਦੇਸ਼ ਹੈ, ਕਿਉਂਕਿ:

ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥ (ਰਾਮਕਲੀ ਮ: ੧, ਪੰਨਾ ੯੩੫

ਅਸੀਂ ਬਾਣੀ ਨਾਲ ਜੁੜਨ ਦੀ ਬਜਾਏ, ਗੁਰੂ ਗ੍ਰੰਥ ਸਾਹਿਬ ਦੇ ਆਕਾਰ ਨਾਲ ਜੁੜਨ ਲਗ ਪਏ ਹਾਂ। ਸਾਡੇ ਵਿਚੋਂ ਬਹੁਤੇ ਪਾਠ ਨਹੀਂ ਕਰ ਸਕਦੇ। ਪਰ ਕਈ ਲੋਕ, ਰੁਮਾਲਾ ਚੁਕ ਕੇ ਦਰਸ਼ਨ ਕਰਦੇ ਫਿਰਦੇ ਹਨ। ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (ਪੰਨਾ ੫੯੪

ਸੱਚ ਮੰਨੋ, ਗੁਰੂ ਗ੍ਰੰਥ ਸਾਹਿਬ ਦਾ ਦੀਦਾਰ ਕੇਵਲ ਪਾਠ ਦਾ ਦੀਦਾਰ ਹੈ। ਅਰਦਾਸ ਵਿਚ ਵੀ ਇਸੇ ਪਾਠ ਦੀਦਾਰ ਦਾ ਧਿਆਨ ਧਰਨ ਦਾ ਆਦੇਸ਼ ਹੈ। ਪਰ ਅਸਾ ਮਨ-ਮਤੀਆਂ ਨੇ ਅਰਦਾਸ ਵਿਚ ਵੀ ਪਾਠ-ਦੀਦਾਰ ਦੀ ਥਾਂ ਦਰਸ਼ਨ-ਦੀਦਾਰ ਹੀ ਪੜ੍ਹਨਾ ਸ਼ੁਰੂ ਕਰ ਦਿਤਾ ਹੈ। ਜੇਕਰ ਅਸੀਂ ਪਾਠ ਨਹੀਂ ਕਰਦੇ, ਪਰ ਰੁਮਾਲੇ ਚੁਕ ਚੁਕ ਕੇ ਦੀਦਾਰ ਕਰਦੇ ਫਿਰਦੇ ਹਾਂ ਜਾਂ ਗੁਰੂ ਗ੍ਰੰਥ ਸਾਹਿਬ ਦੀ ਪੀੜ੍ਹੇ ਦੇ ਪਾਵਿਆਂ ਦੀਆਂ ਮੁੱਠੀਆਂ-ਚਾਪੀਆਂ ਕਰਦੇ ਫਿਰਦੇ ਹਾਂ ਤਾਂ ਸਾਡਾ ਕਿਰਦਾਰ ਬੁੱਤਪ੍ਰਸਤੀ ਤੋਂ ਕੋਈ ਵਧੀਕ ਕਰਮ ਨਹੀਂ। ਐਸੀ ਬੁੱਤਪ੍ਰਸਤੀ ਦੇ ਸਾਡੇ ਵਿਚੋਂ ਹਜ਼ਾਰਾਂ-ਲੱਖਾਂ ਦੋਸ਼ੀ ਹਨ।

ਇਸ ਵਿਚਾਰ ਤੋਂ ਸਪੱਸ਼ਟ ਹੈ ਕਿ ਬ੍ਰਾਹਮਣਵਾਦ ਦੀਆਂ ਤਿੰਨੇ ਮੂਲ ਪ੍ਰਵਿਰਤੀਆਂ ਸਾਡੇ ਅੰਦਰ ਆ ਵੜੀਆਂ



www.AKJ.Org

ਹਨ। ਉਹ ਆਂਤਰਣਕ ਮੌਲਕਤਾ, ਜਿਸ ਦਾ ਪ੍ਰਕਾਸ਼ ਸਤਿਗੁਰਾਂ ਸਾਡੇ ਅੰਦਰ ਕੀਤਾ ਸੀ, ਜਾਪਦਾ ਹੈ, ਅਲੋਪ ਹੁੰਦੀ ਜਾਂਦੀ ਹੈ। ਇਸ ਅਵੱਸਥਾ ਵਿਚ ਸਤਿਗੁਰੂ ਸਾਡਾ ਕੀ ਇਤਬਾਰ ਕਰਨ ? ਤੇ ਜੇ ਪ੍ਰਤੀਤੀ ਕੋਈ ਨਹੀਂ ਤਾਂ ਅਸੀਂ ਉਹਨਾਂ ਦੇ ਤੇਜ ਤੇ ਉਹਨਾਂ ਦੀ ਬਰਕਤ ਦੇ ਅਧਿਕਾਰੀ ਕਿਵੇਂ ਹਾਂ ? ਸਤਿਗੁਰਾਂ ਦੇ ਤੇਜ ਬਾਝੋਂ ਅਸੀਂ ਥੋਥੇ ਹਾਂ। ਇਹੋ ਸਾਡੀ ਅਧੋਗਤੀ ਦਾ ਕਾਰਨ ਹੈ। ਇਸੇ ਕਾਰਨ ਸਾਡੇ ਵਕਾਰ ਨੂੰ ਸੱਟ ਵੱਜੀ ਹੈ।

ਆਓ, ਹੁਣ ਸੋਚੀਏ, ਏਨੀ ਜਲਦੀ ਏਨਾ ਪਤਨ ਹੋ ਕਿਵੇਂ ਗਿਆ ? ਅਜੇ ਕੁਝ ਦਹਾਕੇ ਪਹਿਲਾਂ ਹੀ ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਸਦਕਾ ਪੰਥ ਚੜ੍ਹਦੀ ਕਲਾ ਵਿਚ ਸੀ। ਵਕਾਰ ਵੀ ਕਾਇਮ ਸੀ, ਰਸੂਖ ਵੀ ਪੂਰਾ ਸੀ। ਇਤਨੀ ਜਲਦੀ ਕੀ ਹੋਇਆ ਕਿ ਇਸ ਅਧੋਗਤੀ ਤੇ ਪਹੁੰਚ ਗਏ ਹਾਂ ?

ਗੁਰਦੁਆਰਾ ਸੁਧਾਰ ਲਹਿਰ ਮਗਰੋਂ ਅਸਾਂ ਸੋਚਿਆ ਸੀ ਕਿ ਮਹੰਤਾਂ ਕੋਲੋਂ ਗੁਰਦੁਆਰੇ ਅਸਾਂ ਛੁੜਾ ਲਏ ਹਨ ਤਾਂ ਮੋਰਚਾ ਫਤਹ ਹੋ ਗਿਆ ਹੈ। ਇਸ ਵਿਚੋਂ ਜੋ ਪਰਿਣਾਮ ਨਿਕਲੇ ਉਹਨਾਂ ਦਾ ਪੰਥ ਦੇ ਭਵਿੱਖ ਤੇ ਕੀ ਅਸਰ ਹੋਵੇਗਾ, ਕਿਸੇ ਨੇ ਇਸ ਬਾਰੇ ਪੂਰੀ ਦੂਰ-ਅੰਦੇਸ਼ੀ ਨਾਲ ਨਹੀਂ ਵੇਖਿਆ। ਪਹਿਲਾ ਸਿੱਟਾ ਤਾਂ ਇਹ ਨਿਕਲਿਆ ਸੀ, ਕਿ ਗੁਰਦੁਆਰਿਆਂ ਦੇ ਪ੍ਰਬੰਧ ਲਈ ਇਕ ਕਮੇਟੀ ਦੀ ਸਥਾਪਨਾ ਮੰਨ ਲਈ ਗਈ, ਜੋ ਚੋਣਾਂ ਨਾਲ ਸਥਾਪਿਤ ਹੋਵੇਗੀ। ਦੂਜੀ ਗੱਲ ਇਹ ਹੋਈ ਕਿ ਸ਼੍ਰੋਮਣੀ ਅਕਾਲੀ ਦਲ, ਜਿਸ ਨੇ ਗੁਰਦੁਆਰੇ ਆਜ਼ਾਦ ਕਰਵਾਏ ਸਨ, ਉਹੀ ਇਹਨਾਂ ਗੁਰਦੁਆਰਿਆਂ ਦੇ ਪ੍ਰਬੰਧ ਸੰਭਾਲਣ ਦਾ ਅਧਿਕਾਰੀ ਹੋਏਗਾ।*

ਆਓ, ਇਨ੍ਹਾਂ ਤਿੰਨਾਂ ਪਰਿਣਾਮਾਂ ਦਾ ਵਿਸ਼ਲੇਸ਼ਣ ਕਰੀਏ। ਪਹਿਲੀ ਗੱਲ ਲਓ ਚੋਣਾਂ ਦੀ। ਚੋਣਾਂ ਵਿਚ ਉਹੋ ਲੋਕ ਜਿੱਤ ਕੇ ਆਉਂਦੇ ਹਨ, ਜਿਨ੍ਹਾਂ ਦੀ ਬਹੁ-ਗਿਣਤੀ ਹੋਵੇ। ਕਿਸੇ ਵੀ ਧਰਮ ਵਿਚ ਧਰਮੀਆਂ ਨਾਲੋਂ ਅਧਰਮੀਆਂ ਦੀ ਗਿਣਤੀ ਹੀ ਵੱਧ ਹੋਂਦੀ ਹੈ। **ਇਸ ਲਈ ਚੋਣਾਂ ਵਿਚ ਬਾਹਲੇ ਅਧਰਮੀ ਹੀ ਜਿੱਤ ਕੇ ਆਉਂਦੇ ਹਨ। ਧਰਮ ਵਿਚ ਇਸ ਲਈ ਚੋਣਾਂ ਦਾ ਵਿਧਾਨ ਨਾ-ਮੁਨਾਸਬ ਹੈ। ਉਥੇ ਤਾਂ ਕੇਵਲ ਅਧਿਆਤਮਕ ਤੌਰ ਤੇ ਚੁਣਵੇਂ ਗਿਣਵੇਂ ਵਿਸ਼ਿਸ਼ਤ ਬੰਦਿਆਂ** (*the spiritual elite*) **ਦਾ ਸਰੋਕਾਰ ਹੋਣਾ ਚਾਹੀਦਾ ਹੈ।** ਦੁਨੀਆ ਦੇ ਕਿਹੜੇ ਹੋਰ ਧਰਮ ਦੇ ਆਗੂ ਜਾਂ ਪ੍ਰਬੰਧਕ ਚੋਣਾਂ ਨਾਲ ਚੁਣੇ ਜਾਂਦੇ ਹਨ ? ਸਾਡੇ ਆਪਣੇ ਇਤਿਹਾਸ ਵਿਚ ਵੀ ਚੋਣਾਂ ਕਦੇ ਹੋਈਆਂ ਸਨ ? ਕੀ ਸਾਡੇ ਗੁਰੂ ਸਾਹਿਬਾਨ ਚੋਣਾਂ ਨਾਲ ਚੁਣੇ ਗਏ ਸਨ ? ਚੋਣਾਂ ਹੁੰਦੀਆਂ ਤਾਂ ਗੁਰੂ ਅੰਗਦ ਸਾਹਿਬ ਦੀ ਥਾਂ ਬਾਬਾ ਸ੍ਰੀ ਚੰਦ ਗਦੀ-ਨਸ਼ੀਨ ਹੁੰਦੇ। ਬਰਾਦਰੀ ਸਾਰੀ ਤਾਂ ਉਹਨਾਂ ਦੇ ਹੱਕ ਵਿਚ ਸੀ। ਗੁਰੂ ਅਰਜਨ ਦੇਵ ਜੀ ਦੀ ਥਾਂ ਪ੍ਰਿਥੀ ਚੰਦ ਚੁਣੇ ਜਾਂਦੇ। ਸਾਰੇ ਮਸੰਦਾਂ ਤੇ ਬਹੁਤ ਸੰਗਤ ਨੂੰ ਤਾਂ ਉਹਨਾਂ ਆਪਣੇ ਪਿਛੇ ਲਾ ਲਿਆ ਹੋਇਆ ਸੀ। ਜੇਕਰ ਕਮਾਲ ਸਿਆਣਪ ਨਾਲ ਗੁਰੂ ਹਰਿਕ੍ਰਿਸ਼ਨ ਸਾਹਿਬ 'ਬਾਬਾ ਬਕਾਲੇ' ਦਾ ਸੰਕੇਤ ਨਾ ਕਰ ਜਾਂਦੇ ਤੇ ਚੋਣਾਂ ਹੋਂਦੀਆਂ ਤਾਂ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਾਇਦ ਕੋਈ ਨਾਮ ਵੀ ਤਜਵੀਜ਼ ਨਾ ਕਰਦਾ।

ਪੰਜ ਪਿਆਰੇ ਕੀ ਚੋਣਾਂ ਨਾਲ ਚੁਣੇ ਗਏ ਸਨ ? ਅਜ ਅਸੀਂ ਤਲਵਾਰ ਦੀ ਧਾਰ ਤੇ ਪ੍ਰੀਖਣ ਦਾ ਦੰਮ ਨਹੀਂ ਰਖਦੇ। ਚੋਣਾਂ ਕਰਵਾ ਲੈਂਦੇ ਹਾਂ ਤੇ ਸੰਤੁਸ਼ਟ ਹਾਂ ਕਿ ਅਸੀਂ ਪੰਥ ਦੇ ਨੁਮਾਇੰਦੇ ਹਾਂ।

ਕੀ ਅਸੀਂ ਜਾਣਦੇ ਵੀ ਹਾਂ ਕਿ ਪੰਥ ਦਾ ਮਤਲਬ ਕੀ ਹੈ ? ਪੰਥ ਦੀ ਪਰਿਭਾਸ਼ਾ ਅਰਦਾਸ ਵਿਚ ਕੀਤੀ ਗਈ ਹੈ। ਅਰਦਾਸ ਦੇ ਵਸਤੂ-ਨਿਰਦੇਸ ਮੰਗਲ ਵਿਚ ਪਹਿਲਾਂ ਵਾਹਿਗੁਰੂ ਜੀ ਨੂੰ ਧਿਆਇਆ ਗਿਆ ਹੈ, ਫਿਰ ਅਸ਼ੀਰਵਾਦਕ ਮੰਗਲ ਵਿਚ ਉਹਨਾਂ ਦੀ ਅਪਾਰ ਸ਼ਕਤੀ 'ਸ੍ਰੀ-ਭਗਉਤੀ' ਨੂੰ, ਦਸ ਗੁਰੂ ਸਾਹਿਬਾਨ ਨੂੰ, ਉਪਰੰਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤੇ ਗੁਰੂ-ਪੰਥ ਨੂੰ।

ਇਸ ਗੁਰੂ ਪੰਥ ਦੇ ਸੱਦਸ ਕੌਣ ਹਨ ? ਅਰਦਾਸ ਵਿਚ ਤਫਸੀਲ ਦਰਜ ਹੈ। ਰੋਜ਼ ਪੜ੍ਹਦੇ ਹਾਂ, ਪਰ ਵਿਚਾਰਦੇ ਨਹੀਂ। ਲਓ ਹੁਣ ਸੁਣੋ, ਗੁਰੂ ਪੰਥ ਦੇ ਸੱਦਸ ਉਹ ਹਨ, ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਦੇਗ

---

*ਇਸ ਤੀਜੀ ਗੱਲ ਬਾਰੇ ਕਿਸੇ ਤਰ੍ਹਾਂ ਦਾ ਫ਼ੈਸਲਾ ਨਹੀਂ ਸੀ ਹੋਇਆ। ਇਸ ਲਈ ਵਿਧੀ ਮੁਤਾਬਕ (de-jure) ਤਾਂ ਇਹ ਗੱਲ ਠੀਕ ਨਹੀਂ, ਪਰ ਚੂੰਕਿ ਉਦੋਂ ਤੋਂ ਹੁਣ ਤਕ ਹੁੰਦਾ ਇਵੇਂ ਆਇਆ ਹੈ ਇਸ ਲਈ ਵਾਸਤਵਿਕ ਤੌਰ ਤੇ (de facto) ਇਹ ਠੀਕ ਹੈ।



www.AKJ.Org

ਚਲਾਈ. ਤੇਗ ਵਾਹੀ, ਵੇਖ ਕੇ ਅਣਡਿਠ ਕੀਤਾ, ਧਰਮ ਹੇਤ ਸੀਸ ਦਿਤੇ, ਤੇਰੇ ਭਾਣ ਨੂੰ ਮਿੱਠਾ ਕਰ ਕੇ ਮੰਨਿਆ, ਸਿੱਖੀ-ਸਿਦਕ ਕੇਸਾਂ-ਸੁਆਸਾਂ ਸੰਗ ਨਿਭਾਇਆ। ਐਸੇ ਗੁਣਾਂ ਵਾਲੇ, ਐਸੇ ਕਿਰਦਾਰ ਵਾਲੇ ਹੀ ਪੰਥ ਦੇ ਸੱਦਸ ਹੋ ਸਕਦੇ ਹਨ, ਮੇਰੇ ਵਰਗੇ ਬੁੜ੍ਹ-ਸਿੱਦਕੀਏ ਨਹੀਂ। ਪੰਥ ਦੀ ਪ੍ਰਤੀਨਿਧਤਾ ਕਰਨ ਵਾਲਾ ਵੀ ਐਸੇ ਗੁਣਾਂ ਤੇ ਐਸੇ ਸਿੱਦਕ ਦਾ ਧਾਰਨੀ ਹੋਣਾ ਚਾਹੀਦਾ ਏ। ਪਰ ਕੀ ਮੈਂ ਇਹ ਪੁਛਣ ਦੀ ਦਲੇਰੀ ਕਰ ਸਕਦਾ ਹਾਂ ਕਿ ਸਾਡੀਆਂ ਗੁਰਦੁਆਰਾ ਕਮੇਟੀਆਂ ਵਿਚ ਕਿਤਨੇ ਸੱਜਣ ਇਹਨਾਂ ਗੁਣਾਂ ਵਾਲੇ ਹਨ ? ...

ਦੂਸਰਾ ਪਰਿਣਾਮ ਗੁਰਦੁਆਰਾ ਅੰਦੋਲਨ ਦਾ ਇਹ ਸੀ, ਕਿ ਇਹ ਚੋਣਾਂ ਸਰਕਾਰ ਕਰਵਾ ਰਹੀ ਸੀ। ਇਸ ਫ਼ੈਸਲੇ ਨੂੰ ਪ੍ਰਵਾਨ ਕਰ ਕੇ ਅਸਾਂ ਆਪਣੇ ਧਰਮ ਦਾ ਭਵਿੱਖ ਸਰਕਾਰ ਦੇ ਹੱਥ ਫੜਾ ਦਿਤਾ। ਇਹ ਤਾਂ ਥਾਣੇਦਾਰ ਨੂੰ ਆਪਣੀ ਦਾੜ੍ਹੀ ਫੜਾਉਣ ਵਰਗੀ ਗੱਲ ਹੈ। ਸਰਕਾਰ ਚਾਹੇ ਤਾਂ ਚੋਣਾਂ ਕਰਾਵੇ ਨਾ ਚਾਹੇ ਤਾਂ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੀਆਂ ਚੋਣਾਂ ਕਦੋਂ ਹੋਈਆਂ ਸਨ ? ਹੁਣ ਅਗਲੀਆਂ ਕਦੋਂ ਹੋਣਗੀਆਂ ? ਕੋਈ ਦਸ ਸਕਦਾ ਹੈ ? ਮੈਂ ਤਾਂ ਸੋਚਦਾ ਹਾਂ ਸਾਨੂੰ ਚੋਣਾਂ ਦੇ ਚੰਗਲ ਵਿਚੋਂ ਨਿਕਲ ਹੀ ਆਉਣਾ ਚਾਹੀਦਾ ਹੈ। ਮੈਨੂੰ ਪਤਾ ਹੈ, ਤੁਸੀਂ ਮਨਾਂ ਵਿਚ ਪੁਛ ਰਹੇ ਹੋ 'ਤਾਂ ਹੋਰ ਕੀ ਸਾਧਨ ਹੈ ?' ਬੜੇ ਸਾਧਨ ਮੌਜੂਦ ਹਨ, ਜੇ ਅਪਣਾਏ ਜਾ ਸਕਦੇ ਹਨ। ਈਸਾਈ ਮਤ ਦੇ ਪ੍ਰਮੁਖ ਲੀਡਰ ਪੋਪ ਕਦੇ ਲੋਕ-ਚੋਣਾਂ ਨਾਲ ਨਹੀਂ ਚੁਣੇ ਗਏ। ਸਾਡੇ ਆਪਣੇ ਇਤਿਹਾਸ ਵਿਚ ਵੀ ਧਾਰਮਿਕ ਆਗੂ ਚੁਣਨ ਦੇ ਕਈ ਸਾਧਨ ਵਰਤੋਂ ਵਿਚ ਲਿਆਂਦੇ ਗਏ। ਇਸ ਪਾਸੇ ਸੋਚੀਏ ਤਾਂ ਉਚਿਤ ਸਾਧਨ ਅਪ੍ਰਾਪਤ ਨਹੀਂ ਦਿਸਣਗੇ।

ਤੀਜਾ ਪਰਿਣਾਮ, ਜਿਸ ਦਾ ਉਪਰ ਅਸਾਂ ਜ਼ਿਕਰ ਕੀਤਾ ਹੈ, ਉਹ ਇਹ ਸੀ ਕਿ ਮਹੰਤਾਂ ਪਾਸੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਵਾਲੀ ਜਥੇਬੰਦੀ, ਸ਼੍ਰੋਮਣੀ ਅਕਾਲੀ ਦਲ ਨੂੰ ਹੀ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਦਾ ਅਧਿਕਾਰੀ ਸਮਝਿਆ ਜਾਵੇ। ਸੰਗਤਾਂ ਨੇ ਸਮਝਿਆ ਵੀ। ਸ਼ੁਰੂ ਤੋਂ ਹੁਣ ਤਕ ਪ੍ਰਬੰਧ ਅਕਾਲੀ ਦਲ ਦੇ ਹੱਥ ਹੀ ਰਿਹਾ। ਪਰ ਅਕਾਲੀ ਦਲ ਨੇ ਗੁਰਦੁਆਰਿਆਂ ਦਾ ਕੀ ਬਣਾਇਆ ? ਮੈਨੂੰ ਖਿਮਾ ਕਰ ਦੇਣਾ ਇਹ ਸੱਚ ਕਹਿਣ ਲਈ ਕਿ ਸਾਡੇ ਗੁਰਦੁਆਰੇ ਫਿਰ ਭ੍ਰਿਸ਼ਟਾਚਾਰ ਦੇ ਕੇਂਦਰ ਹੋ ਗਏ ਹਨ। ਕੁਝ ਸਮਾਂ ਹੋ ਗਿਆ ਹੈ, ਮੈਂ ਆਪਣੇ ਇਕ ਬਦੇਸ਼ੀ ਮਿਤਰ ਨੂੰ ਆਪਣੇ ਨਾਲ ਗੁਰਦੁਆਰੇ ਲੈ ਗਿਆ। ਉਥੇ ਪਈ ਗੋਲਕ ਵਲ ਉਹ ਇਸ਼ਾਰਾ ਕਰ ਕੇ ਪੁਛਣ ਲਗਾ, "ਇਸ ਨੂੰ ਦੋ ਤਾਲੇ ਲਾਏ ਹੋਏ ਹਨ, ਇਹ ਕਿਉਂ ? ਕੀ ਇਥੇ ਰੱਬ ਦੇ ਘਰ ਵਿਚ ਵੀ ਚੋਰ ਆਉਂਦੇ ਹਨ?" ਮੈਂ ਸ਼ਰਮ ਨਾਲ ਪਾਣੀ ਪਾਣੀ ਹੋ ਗਿਆ। ਇਹ ਤਾਲੇ ਲਾ ਕੇ ਕੀ ਅਸੀਂ ਆਪਣੇ ਚੋਰ ਹੋਣ ਦਾ ਐਲਾਨ ਨਹੀਂ ਕਰ ਰਹੇ ? ਖਿਮਾ ਕਰਨਾ, ਅੱਜ ਗੁਰਦੁਆਰਿਆਂ ਨੂੰ ਵੀ ਮਾਇਆ ਵਾਪਰ ਗਈ। ਭਾਈ ਗੁਰਦਾਸ ਜੀ ਨੇ ਕਿਹਾ ਸੀ :

> ਮਾਇਆ ਡਰ ਡਰਪਤ ਹਾਰਿ ਗੁਰਦੁਆਰੇ ਜਾਵੈ,
> ਤਹਾਂ ਜਉ ਮਾਇਆ ਵਿਆਪੈ ਕਹਾਂ ਠਹਿਰਾਈਐ ? (ਕਬਿੱਤ ੫੪੪

ਜਦੋਂ ਗੁਰਦੁਆਰਾ ਲਹਿਰ ਦੇ ਪਰਿਣਾਮ ਸਰੂਪ ਸ਼੍ਰੋਮਣੀ ਕਮੇਟੀ ਦਾ ਬਣਨਾ ਸਵੀਕਾਰ ਹੋ ਗਿਆ ਤੇ ਗੁਰਦੁਆਰਿਆਂ ਦੀਆਂ ਚਾਬੀਆਂ ਪੰਜਾਂ ਸਿੰਘਾਂ ਦੇ ਸਪੁਰਦ ਕੀਤੀਆਂ ਗਈਆਂ, ਤਾਂ ਉਹਨਾਂ ਵਿਚੋਂ ਇਕ ਨੇ ਉਦੋਂ ਹੀ ਆਖ ਦਿਤਾ ਸੀ, "ਇਹਨਾਂ ਮਹੰਤਾਂ ਨੂੰ ਤਾਂ ਅਸਾਂ ਉਤਾਰ ਲਿਆ ਏ, ਪਰ ਜਿਹਨਾਂ ਨੂੰ ਹੁਣ ਬਹਾਉਣ ਲਗੇ ਹਾਂ, ਉਹ ਕਿਸੇ ਕੋਲੋਂ ਲੱਥਣੇ ਨਹੀਂ।" ਕਿਤਨਾ ਸੱਚ ਸੀ ਉਸ ਕੱਥਨ ਵਿਚ ! ਅਜ ਫਿਰ ਨਵੇਂ ਸਿਰੇ ਗੁਰਦੁਆਰਾ ਸੁਧਾਰ ਦੀ ਲੋੜ ਪ੍ਰਤੀਤ ਹੋ ਰਹੀ ਹੈ। ਗੁਰਦੁਆਰਾ ਸੁਧਾਰ ਦੀ ਹੀ ਕਿਉਂ, ਸਮੁਚੇ ਪੰਥ ਦੇ ਨਵ-ਜਾਗ੍ਰਣ ਦੀ ਲਹਿਰ ਦੀ ਲੋੜ ਹੈ।

ਗੁਰਦੁਆਰੇ ਸਿੱਖੀ ਚਲਨ ਦੀ ਟਕਸਾਲ ਸਨ, ਕੌਮੀ ਜੀਵਨ ਦੇ ਦੁਰਗ (ਕਿਲ੍ਹੇ) ਸਨ, ਪੰਥਕ ਆਕਾਂਖਿਆਵਾਂ ਦੇ ਪ੍ਰੇਰਨਾ-ਸਰੋਤ ਸਨ। ਅਸਾਂ ਇਹਨਾਂ ਦੀ ਸ਼ਾਖ ਖ਼ਰਾਬ ਕਰ ਦਿੱਤੀ ਹੈ। ਅਜ ਅਸਾਂ ਆਪਣੇ ਧਰਮ ਅਸਥਾਨਾਂ ਨੂੰ ਆਪੇ ਭ੍ਰਿਸ਼ਟ ਕਰ ਦਿਤਾ ਹੈ। ਜਦੋਂ ਧਰਮ-ਅਸਥਾਨ ਭ੍ਰਿਸ਼ਟ ਹੋ ਜਾਣ ਤਾਂ ਕੌਮਾਂ ਉਜੜ ਜਾਂਦੀਆਂ ਹਨ :

> ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥ (ਧਨਾਸਰੀ ਮ: ੧ ਘਰੁ ੩, ਪੰਨਾ ੬੬੨


www.AKJ.Org

੧੯੮੪ ਤੋਂ ਹੁਣ ਤਕ ਜੋ ਹੋਇਆ ਹੈ, ਸਾਡੀ ਸਿਆਣਪਹੀਣਤਾ ਦਾ ਪ੍ਰਮਾਣ ਹੈ। ਗੁਰਦੁਆਰਿਆਂ ਦੀ ਬੇਹੁਰਮਤੀ ਹੋਈ ਹੈ। ਤਖ਼ਤਾਂ ਦੀ ਬੇਹੁਰਮਤੀ ਹੋਈ ਹੈ। ਤਖ਼ਤਾਂ ਦੇ ਜਥੇਦਾਰਾਂ ਦੀ ਬੇਹੁਰਮਤੀ ਹੋਈ ਹੈ। ਤੁਸੀਂ ਕਹੋਗੇ, 'ਇਹ ਬੇਹੁਰਪਤੀ ਤਾਂ ਸਰਕਾਰ ਨੇ ਕਰਵਾਈ ਹੈ।' ਮੈਂ ਪੁਛਦਾ ਹਾਂ, 'ਕੀਤੀ ਕਿਸ ਨੇ ਹੈ ?' ਤੁਸੀਂ ਕਹੋਗੇ, 'ਸਰਕਾਰ ਦੇ ਏਜੰਟਾਂ ਨੇ।' ਮੈਂ ਪੁਛਾਂਗਾ, 'ਇਹ ਸਰਕਾਰੀ ਏਜੰਟ ਆਪਣੇ ਆਪ ਨੂੰ ਸਿੱਖ ਨਹੀਂ ਅਖਵਾਉਂਦੇ ? ਫੌਜਾਂ ਦਾ ਸੁਪਰੀਮ ਕਮਾਂਡਰ ਰਾਸ਼ਟਰਪਤੀ ਸਿੱਖ, ਸ੍ਰੀ ਦਰਬਾਰ ਸਾਹਿਬ ਤੇ ਚੜ੍ਹਨ ਵਾਲੀ ਫੌਜ ਦਾ ਕਮਾਂਡਰ ਸਿੱਖ, ਭਾਰਤ ਦਾ ਗ੍ਰਹਿ ਮੰਤਰੀ ਸਿੱਖ, ਪੰਜਾਬ ਪੁਲੀਸ ਦਾ ਚੀਫ ਸਿੱਖ, ਸ੍ਰੀ ਦਰਬਾਰ ਸਾਹਿਬ ਤੇ ਪੁਲੀਸ ਚੜ੍ਹਾਉਣ ਵਾਲਾ ਮੁਖ ਮੰਤਰੀ ਸਿੱਖ–ਤੇ ਸਰਕਾਰ ਅਕਾਲੀ ਦਲ ਦੀ। ਜਿਸ ਅਕਾਲੀ ਦਲ ਨੇ ਗੁਰਦੁਆਰੇ ਆਜ਼ਾਦ ਕਰਾਏ ਸਨ, ਹੁਣ ਇਹਨਾਂ ਦੀ ਗ਼ੁਲਾਮੀ ਦਾ ਕਾਰਨ ਬਣਨਾ ਸਵੀਕਾਰ ਕਰੀ ਬੈਠਾ ਹੈ।

ਸਰਕਾਰੀਏ ਸਿੱਖ ਅਗੇ ਵੀ ਹੋਏ ਹਨ–ਸੁਬੇਗ ਸਿੰਘ ਵਰਗੇ, ਜਿਹਨਾਂ ਦਾ ਸਰਕਾਰੇ ਰਸੂਖ਼ ਇਤਨਾ ਸੀ ਕਿ ਨਵਾਬੀ ਦੇ ਕੇ ਪੰਥ ਨਾਲ ਸੁਲ੍ਹਾ ਕਰਨ ਦੀ ਪੇਸ਼ਕਸ਼ ਕਰਨ ਲਈ ਸਰਕਾਰ ਨੇ ਉਹਨਾਂ ਦੀ ਸੇਵਾ ਲਈ। ਪਰ ਜਦ ਪੰਥ ਦੀ ਆਨ ਦਾ ਸਵਾਲ ਆਇਆ, ਤਾਂ ਉਹਨਾਂ ਚਰਖੜੀ ਤੇ ਚੜ੍ਹਨਾ ਕਬੂਲ ਕਰ ਲਿਆ, ਪਰ ਕੌਮੀ ਅਣਖ ਦਾ ਸਮਝੌਤਾ ਨਹੀਂ ਕੀਤਾ। ਪਰ ਅਜ ਸਾਡੀ ਦਸ਼ਾ ਹੈ :

ਰੋਟੀਆਂ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥

(ਆਸਾ ਦੀ ਵਾਰ, ਮ: ੧, ਪੰਨਾ ੪੬੫

ਗੁਰਦੁਆਰਿਆਂ ਦੀ ਇੱਜ਼ਤ ਬਹਾਲ ਕਰਨੀ ਤਾਂ ਸਾਡਾ ਆਪਣਾ ਕੰਮ ਹੈ। ਇਹ ਤਾਂ ਸਰਕਾਰ ਨੇ ਨਹੀਂ ਕਰਨਾ। ਜਿੱਚਰ ਤੋੜੀ ਤਖ਼ਤਾਂ, ਜਥੇਦਾਰ ਸਾਹਿਬਾਨ ਤੇ ਗੁਰਧਾਮਾਂ ਦੇ ਗ੍ਰੰਥੀ ਸਾਹਿਬਾਨ (ਜੋ ਸਤਿਗੁਰਾਂ ਦੇ ਵਜ਼ੀਰ ਦਾ ਦਰਜਾ ਰਖਦੇ ਹਨ) ਗੁਰਦੁਆਰਾ-ਕਮੇਟੀਆਂ ਦੇ ਮੁਲਾਜ਼ਮ ਸਮਝੇ ਜਾਂਦੇ ਰਹਿਣਗੇ, ਉਨਾ ਚਿਰ ਧਰਮ ਨੂੰ ਗਲੀਆਂ ਵਿਚ ਘੜੀਸਿਆ ਜਾਵੇਗਾ।

ਧਰਮ ਨੂੰ ਅਸਾਂ ਰਾਜਨੀਤੀ ਦੇ ਅਧੀਨ ਕਰ ਛੱਡਿਆ ਹੈ। ਸਾਡੇ ਰਾਜਨੀਤਕ ਆਗੂ ਸਦਾ ਇਹ ਦਸਦੇ ਆਏ ਹਨ ਕਿ ਸਿੱਖੀ ਵਿਚ ਧਰਮ ਤੇ ਰਾਜਨੀਤੀ ਇਕੱਠੇ ਹਨ। ਕਦੇ ਉਹਨਾਂ ਇਹ ਸੋਚਿਆ ਹੈ ਕਿ ਪੀਰੀ ਦਾ ਨਿਸ਼ਾਨ ਸਾਹਿਬ ਮੀਰੀ ਦੇ ਨਿਸ਼ਾਨ ਸਾਹਿਬ ਤੋਂ ਉੱਚਾ ਰਖਣ ਦਾ ਕਿਉਂ ਵਿਧਾਨ ਹੈ ? ਇਹ ਵੀ ਵਿਚਾਰਿਆ ਕਿ ਪੀਰੀ ਦਾ ਕੇਂਦਰ (ਹਰਿਮੰਦਰ ਸਾਹਿਬ) ਪਹਿਲਾਂ ਸਥਾਪਤ ਕੀਤਾ ਗਿਆ ਤੇ ਮੀਰੀ ਦਾ ਕੇਂਦਰ (ਅਕਾਲ ਤਖ਼ਤ) ਬਾਅਦ ਵਿਚ ? ਸਾਨੂੰ ਭਗਤੀ ਪਹਿਲਾਂ ਦ੍ਰਿੜ੍ਹ ਕਰਵਾਈ ਗਈ ਸੀ, ਸ਼ਕਤੀ ਮਗਰੋਂ। ਖਾਲਸਾ ਸੰਤ ਪਹਿਲੋਂ ਹੈ, ਸਿਪਾਹੀ ਮਗਰੋਂ। ਜੇਕਰ ਉਹ ਪਹਿਲਾਂ ਸੰਤ ਨਹੀਂ, ਤਾਂ ਨਿਰਭਉ ਨਹੀਂ ਹੋ ਸਕਦਾ, ਅਖੜ ਹੋ ਸਕਦਾ ਹੈ, ਨਿਰਵੈਰ ਨਹੀਂ ਹੋ ਸਕਦਾ, ਜ਼ਾਲਮ ਹੋ ਸਕਦਾ ਹੈ, ਨਿਆਂਕਾਰ ਨਹੀਂ ਹੋ ਸਕਦਾ; ਅਨਿਆਈਂ ਹੋ ਸਕਦਾ ਹੈ ਤੇ ਐਸਾ ਸਿਪਾਹੀ ਸਿੱਖ ਇਸਤਲਾਹ ਵਿਚ ਨਿੰਦਿਤ ਹੈ।

ਸੱਚ ਜਾਣੋ, ਅਜ ਸਾਡੇ ਪਾਸ ਕੇਵਲ ਇਕੋ ਰਾਹ ਹੈ। ਸਿਆਸਤ ਨੂੰ ਕੁਝ ਚਿਰ ਲਈ ਮੁਲਤਵੀ ਕਰ ਦੇਈਏ ਤੇ ਧਰਮ ਅਤੇ ਆਚਰਣ ਦੇ ਪੁਨਰ-ਨਿਰਮਾਣ ਦੀ ਲਹਿਰ ਚਲਾ ਦੇਈਏ। ਸਿਆਸਤ ਵਿਚੋਂ ਏਕਤਾ ਨਹੀਂ ਨਿਕਲਣੀ, ਏਕਤਾ ਤਾਂ ਧਰਮ ਵਿਚੋਂ ਹੀ ਪ੍ਰਾਪਤ ਹੋਣੀ ਹੈ। ਸਿਆਸੀ ਆਪੋ ਧਾਪੀ ਵਿਚੋਂ ਤਾਂ ਬੇਇਤਫ਼ਾਕੀ ਹੀ ਨਿਕਲਦੀ ਹੈ, ਜੋ ਅਜ ਪ੍ਰਤੱਖ ਹੈ।

ਮੈਨੂੰ ਅਹਿਸਾਸ ਹੈ, ਸਿਆਸਤ ਮੁਲਤਵੀ ਕਰਨ ਦੇ ਸੁਝਾਉ ਨਾਲ ਕਈ ਭਵਾਂ ਉਚੀਆਂ ਹੋ ਗਈਆਂ ਹੋਣਗੀਆਂ। ਪਰ ਮੈਨੂੰ ਵਿਸ਼ਵਾਸ ਹੈ, ਸਿਆਸਤ ਮੁਲਤਵੀ ਕਰਨ ਨਾਲ ਕੁਝ ਨਹੀਂ ਵਿਗੜਨਾ। ਹੁਣ ਵੀ ਇਸ ਵਿਚੋਂ ਕੀ ਨਿਕਲ ਰਿਹਾ ਹੈ ? ਕੌਮਾਂ ਦੀ ਜ਼ਿੰਦਗੀ ਵਿਚ ਸਿਆਸਤ ਦੇ ਪੱਖੋਂ ਵਰ੍ਹਿਆਂ, ਦਹਾਕਿਆਂ ਤੇ ਕਈ ਵਾਰ ਸਦੀਆਂ ਦੀ ਵੀ ਕੋਈ ਅਹਿਮੀਅਤ ਨਹੀਂ ਹੁੰਦੀ। ਮੌਕੇ ਮੁੜ ਮੁੜ ਆਉਂਦੇ ਹਨ। ਪਰ ਆਚਰਣਕ ਅਤੇ ਅਧਿਆਤਮਕ ਮਾਮਲੇ ਵਿਚ ਢਿਲ ਆਤਮਘਾਤ ਵਰਗੀ ਹੁੰਦੀ ਹੈ। ਇਸ ਵੇਲੇ ਐਸੇ ਹੀ, "ਹੁਣੇ ਜਾਂ ਫਿਰ ਕਦੇ ਨਹੀਂ" ਵਾਲਾ ਸਮਾਂ ਹੈ।



www.AKJ.Org

ਮੈਨੂੰ ਕਿਸੇ ਨੇ ਦਸਿਆ ਕਿ ਸਾਡੇ ਮਾਨਯੋਗ ਪ੍ਰਧਾਨ ਮੰਤਰੀ ਜੀ ਦੀ ਕੈਬਨਿਟ ਵਿਚ ਸਿੱਖਾਂ ਦੇ ਮਾਮਲੇ ਸੰਬੰਧੀ ਬਹਿਸ ਦੇ ਦੌਰਾਨ ਇਕ ਮੰਤ੍ਰੀ ਜੀ ਨੇ ਸੁਝਾਉ ਦਿਤਾ, "ਸਾਨੂੰ ਸਿੱਖਾਂ ਨਾਲ ਬਣਾ ਲੈਣੀ ਚਾਹੀਦੀ ਹੈ। ਅਸਾਂ ਇਹਨਾਂ ਦੀ ਪ੍ਰੰਪਰਾ ਨੂੰ ਨਹੀਂ ਸਮਝਿਆ, ਇਹਨਾਂ ਨੂੰ ਦਬਾਇਆ ਨਹੀਂ ਜਾ ਸਕਦਾ।" ਤਦ ਇਕ ਹੋਰ ਮੰਤਰੀ ਜੀ ਬੋਲ ਪਏ, "ਅਸੀਂ ਇਹਨਾਂ ਦੀ ਪ੍ਰੰਪਰਾ ਹੀ ਤਬਾਹ ਕਰ ਦਿਆਂਗੇ।" ਪਤਾ ਨਹੀਂ ਇਹ ਗੱਲ ਕਿਥੋਂ ਤਕ ਸੱਚ ਹੈ ? ਪਰ ਜੇ ਇਹ ਸੱਚ ਨਹੀਂ ਵੀ ਤਾਂ ਸੱਚ ਮੰਨ ਲੈਣੀ ਚਾਹੀਦੀ ਹੈ। ਜੇਕਰ ਸਾਡੀ ਪ੍ਰੰਪਰਾ ਨੂੰ ਖ਼ਤਮ ਕਰਨ ਦੇ ਮਨਸੂਬੇ ਬਣ ਰਹੇ ਹਨ ਤਾਂ ਸਾਡਾ ਫ਼ਰਜ਼ ਬਣਦਾ ਹੈ, ਇਹਨਾਂ ਮਨਸੂਬਿਆਂ ਨੂੰ ਮਲੀਆਮੇਟ ਕਰ ਦੇਈਏ।

ਇਸ ਕਾਰਜ ਲਈ ਕਿਸੇ ਉਚੇਚੇ ਲੀਡਰ ਦੀ ਲੋੜ ਨਹੀਂ, ਸਿੱਧੀ ਗੁਰੂ ਪਾਸੋਂ ਅਗਵਾਈ ਲਈਏ। ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਦੇਈਏ। ਆਪਣੀ ਜ਼ਿੰਦਗੀ ਨੂੰ ਗੁਰੂ ਦੇ ਦਿਤੇ ਆਦਰਸ਼ਾਂ ਤੋਂ ਲਾਂਭੇ ਨਾ ਭਟਕਣ ਦੇਈਏ। ਆਪਣੇ ਬੱਚਿਆਂ ਨੂੰ ਸੰਭਾਲੀਏ। ਉਹ ਪੰਥ ਦਾ ਭਵਿੱਖ ਹਨ। ਉਹਨਾਂ ਨੂੰ ਆਪਣੀ ਕਲਚਰ ਤੇ ਆਪਣੀ ਪ੍ਰੰਪਰਾ ਦੀ ਜਾਣਕਾਰੀ ਦੇਣ ਦਾ ਪ੍ਰਬੰਧ ਕਰੀਏ। ਉਹਨਾਂ ਨੂੰ ਪੰਜਾਬੀ ਪੜ੍ਹਾਈਏ। ਗੁਰਬਾਣੀ ਦੇ ਅਰਥ ਸਿਖਾਲਣ ਦਾ ਬੰਦੋਬਸਤ ਕਰੀਏ। ਸਿੱਖ ਇਤਿਹਾਸ ਦੇ ਗੌਰਵ ਨਾਲ ਉਹਨਾਂ ਨੂੰ ਜਾਣੂ ਕਰਵਾਈਏ। ਉਹਨਾਂ ਨੂੰ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਨ ਦਾ ਉਤਸ਼ਾਹ ਦੇਈਏ, ਤਾਂ ਜੁ ਉਹ ਵਡੇ ਵਡੇ ਵਿਦਵਾਨ ਹੋਣ ਕਿ ਵਿਤਕਰੇ ਦੇ ਬਾਵਜੂਦ ਅਗਾਂਹ ਵੱਧ ਸਕਣ। ਕੇਵਲ ਇਕੋ ਥਾਂ ਦੀ ਝਾਕ ਨਾ ਰਖੋ। ਉਹ ਸਾਰੇ ਸੰਸਾਰ ਵਿਚ ਨਾਮਣਾ ਖੱਟ ਸਕਦੇ ਹਨ। ਇਸ ਜੋਗਾ ਉਨ੍ਹਾਂ ਨੂੰ ਕਰੋ।

ਇਹੋ ਦੋ ਕੰਮ ਯਹੂਦੀਆਂ ਨੇ ਕੀਤੇ ਸਨ। ਦੋ ਹਜ਼ਾਰ ਸਾਲ ਉਹ ਸੰਸਾਰ ਭਰ ਵਿਚ ਮਾਰ ਖਾਂਦੇ ਰਹੇ। ਹਰ ਪਾਸਿਓਂ ਉਹਨਾਂ ਨੂੰ ਬਦਨਾਮ ਕੀਤਾ ਗਿਆ। ਉਹਨਾਂ ਉਤੇ ਅਸਹਿ ਤੇ ਅਕਹਿ ਜ਼ੁਲਮ ਢਾਹੇ ਗਏ। ਉਹਨਾਂ ਇਹੋ ਦੋ ਫੈਸਲੇ ਕੀਤੇ ਕਿ ਉਹ ਆਪਣੀ ਕਲਚਰ ਆਪਣੇ ਬੱਚਿਆਂ ਤੀਕ ਅਵੱਸ਼ ਪੁਚਾਉਣਗੇ, ਤੇ ਆਪਣੇ ਬੱਚਿਆਂ ਨੂੰ ਉੱਚੀ ਤੋਂ ਉੱਚੀ ਤਾਲੀਮ ਦੇਣਗੇ। ਇਹਨਾਂ ਫੈਸਲਿਆਂ ਸਦਕਾ ਅਜ ਉਹ ਸੰਸਾਰ ਭਰ ਵਿਚ ਸਨਮਾਨ ਦਾ ਅਸਥਾਨ ਪ੍ਰਾਪਤ ਕਰੀ ਬੈਠੇ ਹਨ।

ਅਸੀਂ ਵੀ ਜੇ ਇਸ ਪਾਸੇ ਜੁਟ ਜਾਈਏ ਤਾਂ ਅਵੱਸ਼ ਸਫਲਤਾ ਪ੍ਰਾਪਤ ਕਰ ਸਕਦੇ ਹਾਂ। ਜ਼ੁਲਮ ਤੇ ਜ਼ਾਲਮ ਕਦੇ ਹਮੇਸ਼ਾ ਨਹੀਂ ਰਹੇ। ਜੋ ਸਰਕਾਰ ਅਜ ਸਾਡੇ ਖਹਿੜੇ ਪਈ ਜਾਪਦੀ ਹੈ, ਇਸ ਨੂੰ ਤਾਂ ਆਪਣੀ ਮੁਣਿਆਦ ਦਾ ਵੀ ਕੋਈ ਪਤਾ ਨਹੀਂ। ਇਹ ਉਸ ਕੌਮ ਦਾ ਕੀ ਵਿਗਾੜ ਸਕਦੀ ਹੈ, ਸਾਰੀ ਦੁਨੀਆ ਵਿਚ ਜਿਸ ਦੀਆਂ ਜੜ੍ਹਾਂ ਲਗ ਗਈਆਂ ਹਨ।

ਸਾਨੂੰ ਸੰਸਾਰ ਭਰ ਵਿਚ ਰੱਜ ਕੇ ਬਦਨਾਮ ਕੀਤਾ ਗਿਆ ਹੈ, ਪਰ ਇਸ ਬਦਨਾਮੀ ਤੋਂ ਵੀ ਅਸੀਂ ਆਪਣੇ ਆਚਰਣਕ ਗੁਣਾਂ ਕਰਕੇ ਹੀ ਉਭਰ ਸਕਦੇ ਹਾਂ।

ਆਓ, ਅੱਜ ਅਸੀਂ ਸਾਰੇ ਇਹ ਪ੍ਰਣ ਲਈਏ ਕਿ ਆਪਣੇ ਆਪ ਨੂੰ ਸੰਵਾਰਨ ਦੇ ਕੰਮ ਵਿਚ ਲਗ ਜਾਵਾਂਗੇ। ਕੋਈ ਐਸਾ ਕੰਮ ਨਹੀਂ ਕਰਾਂਗੇ ਜਿਸ ਨਾਲ ਪੰਥ ਦੇ ਵਕਾਰ ਨੂੰ ਧੱਕਾ ਲਗੇ। ਆਪਣੇ ਕਿਸੇ ਹਿੱਤ ਤੋਂ ਪੰਥ ਦੇ ਸਮੂਹਕ ਹਿੱਤ ਨੂੰ ਕੁਰਬਾਨ ਨਹੀਂ ਕਰਾਂਗੇ। ਆਪਣੇ ਬੱਚਿਆਂ ਨੂੰ ਸੰਭਾਲਾਂਗੇ, ਉਹਨਾਂ ਨੂੰ ਗੁਰੂ ਜੋਗਾ ਵੀ ਕਰਾਂਗੇ ਤੇ ਸੰਸਾਰ ਵਿਚ ਉਪਰ ਉਠਣ ਜੋਗਾ ਵੀ, ਜਿਸ ਨਾਲ ਪੰਥ ਦਾ ਨਾਮ ਰੌਸ਼ਨ ਹੋ ਸਕੇ।

ਜੇਕਰ ਅਸੀਂ ਆਪਾ ਸੁਆਰਨ ਦੇ ਕਾਰਜ ਦੀ ਲਹਿਰ ਤੋਰ ਦੇਈਏ ਤਾਂ ਸਾਨੂੰ ਮੁੜ ਸਤਿਗੁਰੂ ਦੀ ਵਡਮੁੱਲੀ ਪ੍ਰਤੀਤ ਪ੍ਰਾਪਤ ਹੋ ਜਾਵੇਗੀ, ਕਿਉਂਕਿ ਸਾਨੂੰ ਬਚਨ ਦਿਤਾ ਗਿਆ ਹੈ :

ਆਪੁ ਸਵਾਰਹਿ ਮੈ ਮਿਲਹਿ, ਮੈ ਮਿਲਿਆਂ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭੁ ਜਗੁ ਤੇਰਾ ਹੋਇ ॥੯੫॥ [ਸਲੋਕ ਫਰੀਦ, ਪੰਨਾ ੧੩੮੨

'ਸੂਰਾ' ਜੂਨ ੧੯੯੦ ਵਿਚੋਂ ਦੁਬਾਰਾ] [ਪੰਜਵਾਂ ਸਾਲਾਨਾ ਰਘਬੀਰ ਸਿੰਘ ਬੀਰ ਮੈਮੋਰੀਅਲ ਲੈਕਚਰ



www.AKJ.Org

# ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ

[ਸ: ਬਲਵਿੰਦਰਪਾਲ ਸਿੰਘ ਜੀ, ਸੰਪਾਦਕ, 'ਸਾਡਾ ਵਿਰਸ਼ਾ ਸਾਡਾ ਗੌਰਵ']

ਸਿੱਖੀ ਵਿਚ ਕੀਰਤਨ ਇਕ ਅਜਿਹਾ ਵਧੀਆ ਮਾਧਿਅਮ ਹੈ ਜੋ ਰੂਹ ਦੇ ਵੇਗ ਨੂੰ ਦਿਸ਼ਾ ਅਤੇ ਮੰਜ਼ਿਲ ਪ੍ਰਦਾਨ ਕਰਦਾ ਹੈ, ਮਨ ਨੂੰ ਉਸ ਦੀ ਮੂਲ ਜੋਤਿ ਵਲ ਲਿਜਾਂਦਾ ਹੈ ਤੇ ਮਨ ਅੰਦਰ ਪ੍ਰੇਮ, ਰਹੱਸ ਉਮੰਗ ਤੇ ਬਿਬੇਕ ਪੈਦਾ ਕਰਦਾ ਹੈ। ਸਿੱਖੀ ਵਿਚ ਕੀਰਤਨ ਦੀ ਪਛਾਣ ਇਹ ਹੈ ਕਿ ਕੇਵਲ ਅਕਾਲ ਪੁਰਖ ਦੀ ਕੀਰਤੀ ਅਤੇ ਉਸਦੇ ਅੰਤਰਗਤ ਆਉਣ ਵਾਲੀ ਵਿਚਾਰ ਦਾ ਹੀ ਗਾਇਨ ਹੋਵੇ।

ਗੁਰਬਾਣੀ ਨੂੰ ਉਸ ਦੀ ਭਾਵਨਾ ਦੇ ਅਨੁਕੂਲ, ਨਿਰਾਧਰਤ ਵਿਧੀ ਜਾਂ ਪ੍ਰੇਮ ਰੂਪ ਵਿਚ ਸੰਗੀਤਕ ਲੈਅ ਸੁਰ ਨਾਲ ਹਿਰਦਿਓਂ ਗਾਇਨ ਨੂੰ ਕੀਰਤਨ ਕਿਹਾ ਜਾ ਸਕਦੈ। ਕੀਰਤਨ ਨੂੰ ਪ੍ਰਧਾਨਤਾ ਇਸ ਕਰਕੇ ਦਿੱਤੀ ਗਈ ਹੈ ਕਿਉਂਕਿ ਇਸ ਨਾਲ ਬਹੁਮੁਖੀ ਕਾਰਜ ਸਿਧ ਹੁੰਦੇ ਹਨ। ਸੰਗੀਤ ਦੀ ਕਲਾ ਨਾਲ ਮਨ ਅੰਦਰ ਸੁਰਤਾ ਉਪਜਦੀ ਹੈ, ਜੀਵਨ-ਢੰਗ ਲੈਅ-ਮਈ ਬਣਦਾ ਹੈ ਤੇ ਪ੍ਰਕਿਰਤੀ ਵਿਚ ਹੋ ਰਹੀ ਸੰਗੀਤਕ ਕੀਰਤੀ ਪ੍ਰਤੀ ਰਹੱਸ ਉਪਜਦਾ ਹੈ। ਗੁਰਬਾਣੀ ਦੀ ਕਲਾ ਨਾਲ ਸੰਗੀਤ ਦੀ ਉੱਚਤਾ ਵਿਚ ਅਥਾਹ ਵਾਧਾ ਹੁੰਦਾ ਹੈ। ਜਿਥੇ ਕੋਮਲ ਭਾਵੀ ਸੱਚੀਆਂ ਪ੍ਰਵਿਰਤੀਆਂ ਟੁੰਬੀਆਂ ਜਾਂਦੀਆਂ ਹਨ ਉਥੇ ਗੁਰਬਾਣੀ ਅੰਦਰ ਮੌਜੂਦ ਸੱਚ-ਉਪਦੇਸ਼, ਚੰਗਾ ਜੀਵਨ ਜੀਉਣ ਦੀ ਪ੍ਰੇਰਨਾ ਵੀ ਕਰਦਾ ਜਾਂਦਾ ਹੈ। ਮਾਨਸਕ ਆਤਮਕ ਵਾਤਾਵਰਣ ਦਾ ਪ੍ਰਦੂਸ਼ਣ (ਮੈਲਾਪਣ), ਸ਼ੁੱਧਤਾ ਵਿਚ ਬਦਲਣ ਦੀ ਪ੍ਰਵਿਰਤੀ ਰੱਖਦਾ ਹੈ, ਕੀਰਤਨ ਗਾਇਨ ਅਤੇ ਸਰਵਣ ਕਰਨ ਵਾਲੇ ਵਿਅਕਤੀਆਂ ਦੀ ਮਾਨਸਿਕ-ਆਤਮਕ ਅਵਸਥਾ ਦੇ ਉੱਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਪੱਧਰ ਉੱਤੇ ਕੀਰਤੀ ਕਰ ਰਹੇ ਹਨ। ਕੀਰਤਨ ਵਿਚ ਇਸ ਦਾ 'ਮਨੋਰਥ' ਹੀ ਪ੍ਰਧਾਨ ਹੈ। **ਲਾਲਚ, ਸਵਾਰਥ, ਰਸਮ, ਪਖੰਡ ਆਦਿ ਦੀਆਂ ਭਾਵਨਾਵਾਂ ਵਿਚ ਬੱਝ ਕੇ 'ਕੀਰਤਨ' ਦੇ ਤੱਤ ਤੋਂ ਵਾਂਏ ਰਹਿ ਜਾਈਦਾ ਹੈ।**

ਇਕ ਹੋਰ ਸਮੱਸਿਆ ਇਹ ਹੈ ਕਿ ਅਸੀਂ ਰੋਜ਼ਾਨਾ ਜ਼ਿੰਦਗੀ ਵਿਚ ਰੰਗਾਂ ਰੂਪਾਂ ਨੂੰ ਦੇਖਦੇ ਹਾਂ ਤੇ ਉਨ੍ਹਾਂ ਨਾਲ ਵਰਤਦੇ ਹਾਂ। ਮਨੁੱਖ ਤਾਂ ਰੱਬ ਨੂੰ ਵੀ ਰੰਗਾਂ ਰੂਪਾਂ ਅਤੇ ਸਥੂਲ ਰੂਪ ਵਿਚ ਦੇਖਣਾ ਚਾਹੁੰਦਾ ਹੈ। ਪਰ ਇਹ ਮਨੁੱਖੀ ਭੁੱਲ ਹੈ। ਅਕਾਲ ਪੁਰਖ ਤਾਂ ਜੋਤਿ ਸਰੂਪ ਹੈ, ਸਰਬ ਥਾਈਂ ਮੌਜੂਦ ਹੈ ਤੇ ਅਸੀਂ ਕਿਸੇ ਵੀ ਥਾਂ ਉੱਤੇ ਉਸ ਦੀ ਕੀਰਤੀ ਵਿਚ ਜੁੱਟ ਕੇ ਤੱਤ ਵਸਤੂ ਹਾਸਲ ਕਰ ਸਕਦੇ ਹਾਂ। ਗੁਰਬਾਣੀ-ਕੀਰਤਨ ਇਸ ਉਦੇਸ਼ ਦੀ ਪੂਰਤੀ ਲਈ ਨਿਰਮੋਲਕ ਤੇ ਕਲਾਮਈ ਹੈ।

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥
ਕੋਟਿ ਜਨਮ ਕੀ ਤ੍ਰਿਸਨਾ ਨਿਵਰੀ ਰਾਮ ਰਸਾਇਣਿ ਆਤਮ ਧ੍ਰਾਪ ॥੧॥੮੫॥
(ਬਿਲਾਵਲੁ ਮ: ੫, ਪੰਨਾ ੮੨੧)

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸੁ ॥੨॥੧॥੧੨॥ (ਕਾਨੜਾ ਮ: ੫, ਪੰਨਾ ੧੩੦੦)

ਸਾਡੇ ਦਿਲ ਦਿਮਾਗ਼ ਉੱਤੇ ਦੁਨਿਆਵੀ ਗੱਲਾਂ ਅਤੇ ਵਿਚਾਰਾਂ ਦੀ ਪਾਣ ਰੋਜ਼ਾਨਾ ਚੜ੍ਹਦੀ ਹੈ, ਠੀਕ ਓਸੇ ਤਰ੍ਹਾਂ ਜਿਵੇਂ ਇਕ ਟੇਪ ਰਿਕਾਰਡਰ ਵਿਚਲੀ ਟੇਪ ਉੱਤੇ ਕੋਈ ਚੀਜ਼ ਰਿਕਾਰਡ ਹੁੰਦੀ ਹੈ। ਦੁਨਿਆਵੀ ਉਲਝਣਾਂ ਅਤੇ ਸੰਸਿਆਂ ਕਾਰਨ ਦੁਬਿਧਾਵਾਂ ਉਤਪੰਨ ਹੁੰਦੀਆਂ ਹਨ। ਮਨੁੱਖੀ ਮਨ ਤੋਂ ਸੰਸਾਰਕ ਵਿਚਾਰਾਂ ਦੀ ਟੇਪ ਸਾਫ਼ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਜ਼ਰੂਰੀ ਜਾਣਿਆ ਕਿ ਵੈਰਾਗ, ਪਿਆਰ, ਤਿਆਗ, ਨਿਮਰਤਾ, ਅਣਖ, ਕੁਰਬਾਨੀ, ਸੇਵਾ ਤੇ ਸਿਮਰਨ ਆਦਿਕ ਗੁਣਾਂ ਤੇ ਕਦਰਾਂ ਦੇ ਖ਼ਜ਼ਾਨੇ 'ਗੁਰਬਾਣੀ' ਦਾ ਗਾਇਨ ਰੋਜ਼ਾਨਾ ਕੀਤਾ ਜਾਵੇ ਤੇ ਇਸ ਤਰ੍ਹਾਂ ਮਨੁੱਖੀ ਮਨ ਤੋਂ ਵਹਿਮਾਂ, ਭਰਮਾਂ, ਰੰਗਾਂ, ਰੂਪਾਂ, ਸ਼ਕਲਾਂ, ਸੂਰਤਾਂ ਦਾ ਪ੍ਰਭਾਵ ਖ਼ਤਮ ਕਰ ਕੇ ਉਸਨੂੰ ਇਕ ਨਿਹਚਲ ਤੇ ਸਥਿਰ-ਸੁਚੇਤ ਅਵਸਥਾ ਵਿਚ ਲੈ ਜਾਇਆ ਜਾਵੇ। ਕੇਵਲ ਇਸੇ ਵਿਧੀ ਨਾਲ ਹੀ ਮਨੁੱਖੀ



www.AKJ.Org

ਆਤਮਾ ਤਾਵਾਂ ਡੋਲ ਸਥਿਤੀ ਚੋਂ ਨਿਕਲ ਕੇ ਉਚੇਰੀ ਉਠ ਸਕਦੀ ਤੇ ਸਦੀਵੀ ਖੁਸ਼ੀ ਅਨੁਭਵ ਕਰ ਸਕਦੀ ਹੈ।

ਮਾਨਵੀ ਆਤਮਾ ਦੀਆਂ ਇਹਨਾਂ ਦੋ ਅਵਸਥਾਵਾਂ ਦੀ ਪ੍ਰਤੱਖ ਉਦਾਹਰਣ ਅਸੀਂ ਆਪ ਵੇਖ ਸਕਦੇ ਹਾਂ। ਜਦੋਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਜਾਈਏ ਤਾਂ ਦਰਬਾਰ ਸਾਹਿਬ ਦੀ ਹਦੂਦ ਤੋਂ ਬਾਹਰ ਦਾ ਵਾਤਾਵਰਣ ਪਹਿਲੀ ਅਵਸਥਾ ਦਾ ਸੂਚਕ ਲੱਗਦਾ ਹੈ ਅਤੇ ਦਰਬਾਰ ਸਾਹਿਬ ਪ੍ਰਕਰਮਾ ਵਿਚ ਦਾਖ਼ਲ ਹੁੰਦਿਆਂ ਹੀ ਅਖੰਡ ਕੀਰਤਨ ਦੀਆਂ ਲਹਿਰਾਂ ਨਾਲ ਭਰਪੂਰ ਵਾਤਾਵਰਣ ਵਿਚ ਰਚ ਕੇ ਦੂਸਰੀ ਅਵਸਥਾ ਦਾ ਬੋਧ ਹੁੰਦਾ ਹੈ। ਆਪਾ ਸੰਵਰਿਆ ਹੋਇਆ ਤੇ ਨਿਰਮਲ ਲੱਗਦਾ ਹੈ। ਏਥੇ ਗੁਰੂ ਅਰਜਨ ਦੇਵ ਜੀ ਦੀ ਬਖ਼ਸ਼ਿਸ਼ ਸਦਕਾ ਸਾਨੂੰ ਕੀਰਤਨ ਦਾ ਸਿਧਾਂਤ ਅਤੇ ਸਥਾਨ ਦੋਵੇਂ ਪ੍ਰਾਪਤ ਹੋਏ ਹਨ। ਰਾਗ ਆਸਾ ਵਿਚ ਆਪ ਦਾ ਸੁੰਦਰ ਬਚਨ ਪਹਿਲਾਂ ਪ੍ਰਸ਼ਨ ਰੂਪ ਵਿਚ ਤੇ ਉਸੇ ਸ਼ਬਦ ਵਿਚ ਹੀ ਪ੍ਰਸਤੁਤ ਉੱਤਰ ਕੀਰਤਨ ਦੀ ਮਹਾਨਤਾ ਨੂੰ ਸਥਾਪਤ ਕਰਦਾ ਹੈ :

ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥੧॥ਰਹਾਉ॥

ਉੱਤਰ ਹੈ– ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਇਹੁ ਅਸਥਾਨੁ ਗੁਰੂ ਤੇ ਪਾਈਐ॥੧॥ਰਹਾਉ ਦੂਜਾ ॥੭॥੫੮॥
[ਪੰਨਾ ੩੮੫

ਸ੍ਰੀ ਹਰਿਮੰਦਰ ਸਾਹਿਬ ਦਾ ਸਿਧਾਂਤ ਸਰੂਪ ਅਤੇ ਸੰਗਠਨ, ਕੀਰਤਨ ਦੀ ਚਮਤਕਾਰੀ ਕਲਾ ਨੂੰ ਰੂਪਮਾਨ ਕਰਦਾ ਹੈ, ਜਿਸ ਨੂੰ ਮਨੁੱਖੀ ਜੀਵਨ ਵਿਚ ਧਾਰਨ ਕਰਨ ਦੀ ਲੋੜ ਹੈ। ਹਰਿਮੰਦਰ ਸਾਹਿਬ ਦੀ ਬਣਾਵਟੀ ਨਕਲ ਬਣਾ ਕੇ ਉਹ ਲਾਹਾ ਪ੍ਰਾਪਤ ਨਹੀਂ ਹੋ ਸਕਦਾ, ਕਿਉਂਕਿ ਤੱਤ ਵਸਤੂ ਤਾਂ ਗੁਰਬਾਣੀ ਹੈ ਅਤੇ ਗੁਰੂ ਸਾਹਿਬਾਨ ਦੀ ਛੋਹ-ਪ੍ਰਾਪਤ ਸਥਾਨ ਦੀ ਆਪਣੀ ਬਰਕਤ ਹੈ। ਦੁਰਗਿਆਣਾ ਮੰਦਰ, ਅੰਮ੍ਰਿਤਸਰ ਦੀ ਉਸਾਰੀ ਦੇ ਪਿਛੇ ਅਜਿਹੀ ਨਕਲ ਉਸਾਰਨ ਦਾ ਯਤਨ ਕੀਤਾ ਗਿਆ ਸੀ। ਪੰਥਕ ਤੌਰ ਤੇ ਵੀ ਇਹ ਆਦੇਸ਼ ਹਨ ਕਿ ਕਿਧਰੇ ਕੋਈ ਅਜਿਹਾ ਅਡੰਬਰ ਨਾ ਰਚੇ। ਸਗੋਂ ਥਾਂ ਪੁਰ ਥਾਂ ਸੰਗਤਾਂ ਸਥਾਪਤ ਕਰ ਕੇ ਕੀਰਤਨ ਦਾ ਵਾਤਾਵਰਣ ਉਸਾਰਨ ਨਾਲ ਉਸ ਨੀਤਾ ਨੀਤ ਕੀਰਤੀ ਦੇ ਸਥਾਨ ਦੀ ਬਰਕਤ ਹਾਸਲ ਹੋ ਸਕਦੀ ਹੈ।

ਕੀਰਤਨ, ਸਿੱਖ ਜੀਵਨ ਦਾ ਅਨਿਖੜਵਾਂ ਅੰਗ ਹੈ। ਕੀਰਤਨ ਤੋਂ ਸਿੱਖ ਨੂੰ ਆਤਮਕ ਅਨੰਦ ਹੁਲਾਰਾ ਵੀ ਮਿਲਦਾ ਹੈ ਤੇ ਸੰਸਾਰਕ ਸੇਧ ਵੀ। ਭਾਵੇਂ ਅੱਜ ਕੀਰਤਨ ਨੂੰ ਸਮਾਜਕ ਰਸਮਾਂ ਪੂਰੀਆਂ ਕਰਨ ਦਾ ਇਕ ਢੰਗ ਮਾਤਰ ਸਮਝ ਕੇ ਹੀ ਕਰਵਾਉਣ ਦੀ ਰੁਚੀ ਕੁਝ ਵਧੀ ਹੈ, ਪਰ ਅਕਾਲ ਪੁਰਖ ਦੀ ਪੂਜਾ ਸਮਝ ਕੇ, ਆਤਮਕ ਖ਼ੁਰਾਕ ਲੈਣ ਲਈ ਅਤੇ ਪ੍ਰਭੂ ਦੇ ਗੀਤ ਗਾਉਣ ਲਈ ਕੀਰਤਨ ਕਰਨ ਨੂੰ ਹੀ ਸ੍ਰੇਸ਼ਟਤਾ ਪ੍ਰਾਪਤ ਹੈ :

ਹਰਿ ਜਨ ਕਉ ਇਹੀ ਸੁਹਾਵੈ ॥
ਪੇਖਿ ਨਿਕਟਿ ਕਰਿ ਸੇਵਾ ਸਤਿਗੁਰ, ਹਰਿ ਕੀਰਤਨ ਹੀ ਤ੍ਰਿਪਤਾਵੈ ॥ਰਹਾਉ॥੧੬॥
(ਸੋਰਠਿ ਮ: ੫, ਪੰਨਾ ੬੧੩)

ਕੀਰਤਨ-ਸਮਾਗਮਾਂ, ਦਰਬਾਰਾਂ, ਲੜੀਆਂ, ਝੜੀਆਂ, ਲਹਿਰਾਂ, ਅਕੈਡਮੀਆਂ ਤੇ ਕੇਂਦਰਾਂ ਵਿਚ ਕੀਰਤਨ ਸਿੱਖਣ, ਸੁਣਨ, ਕਰਨ ਕਰਵਾਉਣ ਆਦਿ ਦਾ ਨਿਚੋੜ ਅਤੇ ਤੱਤ ਸਾਰ ਕੀ ਹੋਵੇ, ਇਸ ਸੰਬੰਧੀ ਗੁਰਬਾਣੀ ਵਿਚ ਸੁੰਦਰ ਸੰਦੇਸ਼ ਮਿਲਦੇ ਹਨ।

ਕੀਰਤਨ ਤੋਂ ਹਰੀ ਦੇ ਗੁਣਾਂ ਦਾ ਹਿਰਦੇ 'ਚਿ ਚਿੰਤਨ ਅਰੰਭ ਹੋਵੇ ਤੇ ਮਨ ਉੱਤੇ ਹਰੀ ਰੰਗ ਚੜ੍ਹ ਜਾਵੇ ਤਾਂ ਸਮਝੀਏ ਕਿ ਕੀਰਤੀ ਦਾ ਲਾਹਾ ਮਿਲਿਆ ਹੈ :

ਸੁਣਿ ਕੀਰਤਨੁ ਹਰਿ ਗੁਣ ਰਵਾ, ਹਰਿ ਜਸੁ ਮਨਿ ਲਿਖਾ ॥
(ਪਉੜੀ, ਵਾਰ ਸੋਰਠਿ ਮ: ੪, ਪੰਨਾ ੬੫੦)

ਕੀਰਤਨ ਵਿਚ ਰਾਗ-ਰਾਗਣੀਆਂ, ਧੁੰਨਾਂ, ਅਲਾਪਾਂ, ਤਾਨਾਂ, ਸੁਰਾਂ-ਤਾਲਾਂ, ਰੀਤਾਂ ਆਦਿ ਦਾ ਬੜਾ ਹੀ ਮਹੱਤਵ ਹੈ, ਇਨ੍ਹਾਂ ਦੇ ਅਧਾਰ ਤੇ ਹੀ ਕੀਰਤਨ ਕਰਨਾ ਸੰਭਵ ਹੁੰਦਾ ਹੈ। ਭਾਂਤ ਭਾਂਤ ਦੀਆਂ ਵਿਧੀਆਂ ਦੁਆਰਾ ਹਰੀ-ਜਸ ਗਾਇਆ ਜਾਂਦਾ ਹੈ, ਪਰ ਦੂਜੇ ਪਾਸੇ ਗੁਰਬਾਣੀ ਵਿਚ ਸਾਵਧਾਨ ਕੀਤਾ ਗਿਆ ਹੈ ਕਿ **ਇਹ ਸਭ ਸਾਜ**


www.AKJ.Org

ਤ ਅਵਾਜ਼ ਸਾਧਨ ਮਾਤਰ ਹਨ, ਇਨ੍ਹਾਂ ਦੇ ਨਾਲ ਨਾਲ ਹਿਰਦੇ ਦੀ ਸੁਧੀ ਸਭ ਤੋਂ ਉੱਤਮ ਹੈ:

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ, ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥
(ਆਸਾ ਮ: ੪ ਛੰਤ ਪੰਨਾ ੪੫੦)

ਸਾਰਾ ਆਚਾਰ ਵਿਵਹਾਰ ਪ੍ਰਭੂ ਦੇ ਗੁਣ ਗਾਉਣ ਤੋਂ ਹੀ ਪ੍ਰਾਪਤ ਹੁੰਦਾ ਹੈ । ਕੀਰਤਨ ਮਹਾਂ ਅਨੰਦ ਦਾ ਸੋਮਾ ਹੈ । ਇਸ ਤੋਂ ਸਿੱਧ ਹੋਇਆ ਕਿ ਕੀਰਤਨ ਇਕ ਸੁਚੇਤ ਅਵਸਥਾ ਹੈ ਤੇ ਗਾਇਨ ਸਮੇਂ ਸੁਰਤੀ ਦਾ ਸ਼ਬਦ ਨਾਲ ਚੇਤੰਨ ਮੇਲ ਹੁੰਦਾ ਹੈ, ਜਿਸ ਤੋਂ ਜੀਵਨ ਦੀ ਪ੍ਰਾਪਤੀ ਹੋਈ ਜਾਂਦੀ ਹੈ :

ਆਚਾਰ ਬਿਉਹਾਰ ਜਾਤਿ ਹਰਿ ਗੁਨੀਆ ॥
ਮਹਾ ਅਨੰਦ ਕੀਰਤਨ ਹਰਿ ਸੁਨੀਆ ॥੩॥੧੭॥ (ਟੋਡੀ ਮ: ੫, ਪੰਨਾ ੭੧੫)

ਸਹਜ ਅਵਸ਼ਥਾ ਨੂੰ ਧਰਮ-ਸਾਧਨਾ ਦੀ ਚੋਟੀ ਦੀ ਪ੍ਰਾਪਤੀ ਮੰਨਿਆ ਗਿਆ ਹੈ । ਸਹਜ ਅਵਸਥਾ ਕੋਈ ਖੇਡ ਜਾਂ ਤਮਾਂਸ਼ਾ ਨਹੀਂ ਹੈ । ਆਨੰਦ ਵੀ ਗਲੀਂ ਬਾਤੀਂ ਹਾਸਲ ਨਹੀਂ ਹੁੰਦਾ । ਘਣੇ ਅਨੰਦ ਅਤੇ ਸਹਜ ਸੁੱਖ ਵਰਗੀ ਵਡਮੁੱਲੀ ਅਵਸਥਾ ਦੀ ਪ੍ਰਾਪਤੀ ਕੀਰਤਨ ਤੋਂ ਹਾਸਲ ਹੁੰਦੀ ਹੈ :

ਸੁਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥ (ਆਸਾ ਮ: ੫, ਪੰਨਾ ੪੦੦–੧)

ਗੁਰਬਾਣੀ ਕੀਰਤਨ ਵਿਚ ਜੁੜਿਆ ਸਿੱਖ, ਹੰਸ ਦੀ ਨਿਆਈਂ ਹੁੰਦਾ ਹੈ, ਜੋ ਗੁਣਾਂ ਤੇ ਵਡਿਆਈਆਂ ਰੂਪੀ ਰਤਨ, ਪਦਾਰਥ ਤੇ ਮੋਤੀ ਚੁਗਦਾ ਹੈ, ਗੁਰਬਾਣੀ ਰੂਪੀ ਸਤਿਗੁਰੂ ਸਰੋਵਰ ਦੀ ਨਿਆਈਂ ਹੈ :

ਸਤਿਗੁਰੁ ਸਰਵਰੁ ਰਤਨੀ ਭਰਪੂਰੇ, ਜਿਸੁ ਪ੍ਰਾਪਤਿ ਸੋ ਪਾਵੈ ॥
ਸਿਖ ਹੰਸ ਸਰਵਰਿ ਇਕਠੇ ਹੋਏ, ਸਤਿਗੁਰ ਕੈ ਹੁਕਮਾਵੈ ॥
ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ, ਖਾਇ ਖਰਚਿ ਰਹੇ ਤੋਟਿ ਨ ਆਵੈ ॥੧॥੭॥
(ਸਲੋਕ ਮ: ੫, ਵਾਰ ਰਾਮਕਲੀ, ੯੬੦)

ਕੀਰਤਨ ਦੀ ਪ੍ਰਧਾਨਤਾ, ਨਿਰਮੋਲਕਤਾ, ਉੱਚਤਾ ਅਤੇ ਸ੍ਰੇਸ਼ਟਤਾ ਨੂੰ ਜਾਣ ਲੈਣ ਤੋਂ ਬਾਅਦ ਆਪਣੀ ਸਾਧਨਾ ਵਲ ਧਿਆਨ ਦੇਣ ਨਾਲ ਹੀ ਕੀਰਤਨ ਦਾ ਸੱਚਾ ਲਾਹਾ ਲਿਆ ਜਾ ਸਕਦੈ । ਗੱਲ ਕੇਵਲ ਮਨੋਰਥ ਬਦਲ ਲੈਣ ਨਾਲ ਹੀ ਬਣ ਸਕਦੀ ਹੈ । ਮੰਤਵ ਬਦਲਣ ਨਾਲ ਪਹੁੰਚ ਵੀ ਬਦਲ ਜਾਵੇਗੀ, ਗਾਵਿਆ ਥਾਇ ਪੈ ਜਾਵੇਗਾ । ਗੁਰੂ ਅਮਰਦਾਸ ਜੀ ਇਸ ਸੰਬੰਧ ਵਿਚ ਸਮਝਾਉਂਦੇ ਹਨ :

ਇਕ ਗਾਵਤ ਰਹੇ ਮਨਿ ਸਾਦੁ ਨ ਪਾਇ ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥
ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥੧॥
ਗਾਵਤ ਰਹੈ ਜੇ ਸਤਿਗੁਰ ਭਾਵੈ ॥ ਮਨੁ ਤਨੁ ਰਾਤਾ ਨਾਮਿ ਸੁਹਾਵੈ ॥੧॥ਰਹਾਉ॥੨੪॥
(ਗਉੜੀ ਗੁ: ਮ: ੩, ਪੰਨਾ ੧੫੮-੫੯)

ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਹੈ ਕਿ ਸਾਰਾ ਬ੍ਰਹਿਮੰਡ ਇਕ ਲੈਅ ਵਿਚ ਗਾ ਰਿਹਾ ਹੈ । ਅਨੰਹਦ ਸ਼ਬਦ ਦੀ ਧਾਰਨਾ ਇਸੇ ਉੱਤੇ ਅਧਾਰਤ ਹੈ । ਮਨੁੱਖ ਦੇ ਅੰਦਰ ਵੀ ਇਕ ਲੈਅ ਹੈ । ਮਨੁੱਖ ਦੀ ਬੌਧਿਕਤਾ, ਦੁਬਿਧਾ ਅਤੇ ਟੁੱਟੀ ਭੱਜੀ ਮਾਨਸਿਕਤਾ ਉਸ ਦੀ ਸੁਰ ਲੈਅ ਨੂੰ ਤੋੜਦੀ ਹੈ । ਮਨੁੱਖਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਉਹਨਾਂ ਨੂੰ ਆਤਮਕ ਸ਼ਕਤੀ ਦੇਣ ਦੀ ਲੋੜ ਹੈ । ਨੀਵੀਆਂ ਰੁਚੀਆਂ ਅਤੇ ਹੋਲੇ ਮੰਤਵਾਂ ਦੀ ਥਾਂ ਤੇ ਉਚਾਣਾਂ ਦੇ ਨਿਸ਼ਾਨੇ ਮਿੱਥਣ ਲਈ ਰੂਹਾਨੀਅਤ ਦਾ ਸੰਚਾਰ ਕਰਨਾ ਹੋਵੇਗਾ । ਸਿਖ ਸਮਾਜ ਵਿਚ ਸਭ ਤਰ੍ਹਾਂ ਦੀ ਚੜ੍ਹਦੀ ਕਲਾ ਲਿਆਉਣ ਲਈ 'ਕੀਰਤਨ ਕ੍ਰਾਂਤੀ' ਇਕ ਵਧੀਆ ਮਾਧਿਅਮ ਹੈ । ਹੱਲ ਜੁੱਟ ਜਾਣ ਵਿਚ ਹੈ ।

[ਸੰਪਾਦਕੀ ਲੇਖ ਵਿਚੋਂ
'ਸੂਰਾ' ਅੰਮਿਤਸਰ, ਮਾਰਚ ੧੯੯੪



www.AKJ.Org

# ਕਬਿਤ ਸਵਯੇ ਭਾਈ ਗੁਰਦਾਸ ਜੀ (੨੪)

ਕੋਟਿਨ ਕੋਟਾਨਿ ਮਿਸਟਾਨ ਪਾਨ ਸੁਧਾ ਰਸ,
ਪੁਜਸਿ ਨ ਸਾਧ ਮੁਖ ਮਧੁਰ ਬਚਨ ਕਉ ॥
ਸੀਤਲ ਸੁਗੰਧਿ ਚੰਦ ਚੰਦਨ ਕੋਟਾਨਿ ਕੋਟਿ,
ਪੁਜਸਿ ਨ ਸਾਧ ਮਤਿ ਨਿੰਮ੍ਰਤਾ ਸਚਨ ਕਉ ॥
ਕੋਟਿਨ ਕੋਟਾਨਿ ਕਾਮਧੇਨ ਅਉ ਕਲਪਤਰ,
ਪੁਜਸਿ ਨ ਕਿੰਚਤ ਕਟਾਛ ਕੇ ਰਚਨ ਕਉ ॥
ਸਰਬ ਨਿਧਾਨ ਫਲ ਸਕਲ ਕੋਟਾਨਿ ਕੋਟਿ,
ਪੁਜਸਿ ਨ ਪਰਉਪਕਾਰ ਕੇ ਖਚਨ ਕਉ ॥੧੩੦॥

**ਪਦ ਅਰਥ** : ਕੋਟਿਨ ਕੋਟਾਨਿ–ਕਰੋੜਾਂ ਹੀ ਕਰੋੜਾਂ। ਮਿਸਟਾਨ ਪਾਨ–ਮਿੱਠੇ ਖਾਣੇ। ਸੁਧਾ ਰਸ–ਅੰਮ੍ਰਿਤ-ਰਸ ਜਿਹੇ। ਸਾਧ ਮੁਖ–ਸਾਧ ਪੁਰਸ਼ਾਂ ਦੇ ਮੂੰਹ ਤੋਂ। ਮਧੁਰ–ਮਿੱਠੇ। ਸੀਤਲ–ਸੀਤਲ਼ਤਾ। ਸੁਗੰਧਿ–ਸੁਗੰਧੀ। ਚੰਦ–ਚੰਦਰਮਾ। ਸਾਧ ਮਤਿ–ਸਾਧੂ-ਸਤਿਗੁਰੂ ਦੀ ਮਤਿ (ਦੇ ਧਾਰਨੀ)। ਸਚਨ–ਜਮ੍ਹਾ ਕਰਨਾ, ਧਾਰਨ ਕਰਨਾ। ਕਾਮਧੇਨ–ਮਨ-ਇਛਤ ਕਾਮਨਾ ਪੂਰਨ ਵਾਲੀ ਗਊ। ਕਲਪਤਰ–ਮਨ-ਬਾਂਛਤ ਫਲ ਦੇਣ ਵਾਲਾ ਰੁਖ, ਕਲਪ-ਬ੍ਰਿਛ। ਕਿੰਚਤ ਕਟਾਛ–ਰਤਾ ਜਿੰਨੀ ਕਿਰਪਾ ਦ੍ਰਿਸ਼ਟੀ। ਰਚਨ–ਧਾਰਨੀ। ਨਿਧਾਨ–ਖ਼ਜ਼ਾਨੇ। ਸਕਲ–ਸਾਰੇ। ਖਚਨ–ਖਚਤ ਹੋਏ, ਰੁਝੇ ਹੋਏ।

**ਅਰਥ** : ਕਰੋੜਾਂ ਖਾਣ ਪੀਣ ਦੇ ਅੰਮ੍ਰਿਤ-ਰਸ ਜਿਹੇ ਮਿੱਠੇ ਭੋਜਨ, ਗੁਰਮੁਖ-ਸਾਧੂ ਪੁਰਸ਼ਾਂ ਦੇ ਮੂੰਹੋਂ ਨਿਕਲੇ ਮਿਠੇ ਬਚਨਾਂ ਨੂੰ ਨਹੀਂ ਪੁਜ ਸਕਦੇ।

ਸਾਧੂ-ਸਤਿਗੁਰੂ ਦੀ ਸੀਖਿਆ-ਦੀਖਿਆ ਦੇ ਧਾਰਨੀ ਗੁਰਸਿੱਖਾਂ ਦੀ ਗ੍ਰਹਿਣ ਕੀਤੀ ਹੋਈ ਨਿਮਰਤਾ ਨੂੰ, ਕਰੋੜਾਂ ਹੀ ਚੰਦਰਮਾ ਦੀ ਸੀਤਲਤਾ ਅਤੇ ਕਰੋੜਾਂ ਚੰਦਨਾਂ ਦੀ ਸੁਗੰਧੀ ਨਹੀਂ ਪੁਜ ਸਕਦੀ।

ਸਤਿਗੁਰੂ ਦੀ (ਸਰਬ-ਫਲ ਦਾਤੀ) ਰਤਾ ਜਿੰਨੀ ਕਿਰਪਾ-ਦ੍ਰਿਸ਼ਟੀ ਦੇ ਪਾਤਰ ਗੁਰਸਿੱਖਾਂ ਦੀ ਬਖਸ਼ਸ਼-ਪ੍ਰਾਪਤੀ ਨੂੰ ਕਰੋੜਾਂ ਕਾਮਧੇਨ ਤੇ ਕਲਪ-ਬ੍ਰਿਛ ਨਹੀਂ ਪੁਜ ਸਕਦੇ।

ਸਾਰੇ ਖ਼ਜ਼ਾਨੇ ਅਤੇ ਸਾਰੇ ਫਲ ਕਰੋੜਾਂ ਗੁਣਾ ਹੋ ਕੇ ਵੀ ਪਰਉਪਕਾਰ ਵਿਚ ਰੁਝੇ ਹੋਏ ਗੁਰਸਿੱਖਾਂ (ਦੇ ਪਰਉਪਕਾਰ) ਨੂੰ ਨਹੀਂ ਅਪੜ ਸਕਦੇ।੧੩੦।

ਕੋਟਿਨ ਕੋਟਾਨਿ ਰੂਪ ਰੰਗ ਅੰਗ ਅੰਗ ਛਬਿ,
ਕੋਟਿਨ ਕੋਟਾਨਿ ਸ੍ਵਾਦ ਰਸ ਬਿੰਜਨਾਦਿ ਕੈ ॥
ਕੋਟਿਨ ਕੋਟਾਨਿ ਕੋਟਿ ਬਾਸਨਾ ਸੁਬਾਸ ਰਸ,
ਕੋਟਿਨ ਕੋਟਾਨਿ ਕੋਟਿ ਰਾਗ ਨਾਦ ਬਾਦ ਕੈ ॥
ਕੋਟਿਨ ਕੋਟਾਨਿ ਕੋਟਿ ਰਿਧਿ ਸਿਧਿ ਨਿਧਿ ਸੁਧਾ,
ਕੋਟਿਨ ਕੋਟਾਨਿ ਗਿਆਨ ਧਿਆਨ ਕਰਮਾਦਿ ਕੈ ॥
ਸਕਲ ਪਦਾਰਥ ਹੁਇ ਕੋਟਿਨ ਕੋਟਾਨਿ ਗੁਣ,
ਪੁਜਸਿ ਨ ਸਾਧ ਉਪਕਾਰ ਬਿਸਮਾਦ ਕੈ ॥੧੩੧॥

**ਪਦ ਅਰਥ** : ਕੋਟਿਨ ਕੋਟਾਨਿ–ਕਰੋੜਾਂ ਹੀ ਕਰੋੜਾਂ। ਛਬਿ–ਸੁੰਦਰਤਾ। ਬਿੰਜਨਾਦਿ–ਕਈ ਤਰ੍ਹਾਂ ਦੇ ਭੋਜਨ। ਬਾਸਨਾ–ਵਾਸ਼ਨਾ। ਸੁਬਾਸ–ਸੁਗੰਧੀ। ਨਾਦ–ਧੁਨੀਆਂ। ਬਾਦ–ਸੰਗੀਤ ਦਾ ਸਾਜ਼, ਵਾਜਾ। ਰਿਧਿ–ਰਿਧੀਆਂ। ਸਿਧਿ–ਸਿਧੀਆਂ। ਨਿਧਿ ਸੁਧਾ–ਅੰਮ੍ਰਿਤ ਵਰਗੇ ਅਨੰਦ-ਦਾਇਕ ਭੰਡਾਰ। ਕਰਮਾਦਿ–ਕਰਮ ਕਾਂਡ


www.AKJ.Org

ਆਦਿ। ਕੋਟਿਨ ਕੋਟਾਨਿ ਗੁਣ—ਕਰੋੜਾਂ ਗੁਣਾ। ਬਿਸਮਾਦ—ਅਲੌਕਿਕ। ਸਾਧ—ਸਾਧੂ ਬ੍ਰਿਤੀ ਵਾਲਾ ਗੁਰਮੁਖ।

**ਅਰਥ** : ਕਰੋੜਾਂ ਹੀ ਰੂਪ ਰੰਗ, ਅੰਗ ਅੰਗ ਕਰਕੇ ਸੁੰਦਰਤਾ ਅਤੇ ਕਰੋੜਾਂ ਸਵਾਦੀ ਭੋਜਨਾਂ ਦੇ ਰਸ ਮਾਣਨੇ;

ਕਰੋੜਾਂ ਵਾਸ਼ਨਾਂ, ਕਰੋੜਾਂ ਸੁਗੰਧੀਆਂ, ਕਰੋੜਾਂ ਰਸ-ਕਸ, ਕਰੋੜਾਂ ਰਾਗ, ਕਰੋੜਾਂ ਧੁਨੀਆਂ ਅਤੇ ਕਰੋੜਾਂ ਹੀ ਸੰਗੀਤ ਦੇ ਸਾਜ ਗੂੰਜਣੇ ;

ਕਰੋੜਾਂ ਰਿਧੀਆਂ, ਕਰੋੜਾਂ ਸਿਧੀਆਂ, ਕਰੋੜਾਂ ਅੰਮ੍ਰਿਤ ਸਾਮਾਨ ਅਨੰਦ-ਦਾਇਕ ਭੰਡਾਰ, ਕਰੋੜਾਂ ਗਿਆਨ ਧਿਆਨ ਅਤੇ ਕਰੋੜਾਂ ਹੀ ਕਰਮ-ਕਾਂਡ ਕਰਨੇ ;

ਉਪਰੋਕਤ ਸਭੇ ਪਦਾਰਥ ਕਰੋੜਾਂ ਗੁਣਾ ਹੋ ਜਾਣ ਤੇ ਵੀ ਸਾਧੂ ਬ੍ਰਿਤੀ ਵਾਲੇ ਗੁਰਮੁਖ ਦੇ ਅਲੌਕਿਕ ਪਰ-ਉਪਕਾਰ ਨੂੰ ਨਹੀਂ ਪੁਜ ਸਕਦੇ ।੧੩੧।

**ਅਜਯਾ ਅਧੀਨ ਤਾਂ ਤੇ ਪਰਮ ਪਵਿਤ੍ਰ ਭਈ,**
**ਗਰਬ ਕੈ ਸਿੰਘ ਦੇਹ ਮਹਾਂ ਅਪਵਿਤ੍ਰ ਹੈ॥**
**ਮੋਨ ਬ੍ਰਤ ਗਹੇ ਜੈਸੇ ਊਖ ਮੈ ਪਯੂਖ ਰਸ,**
**ਬਾਂਸ ਬਕ ਬਾਨੀ ਕੈ ਸੁਗੰਧਤਾ ਨ ਸਿਤ੍ਰ ਹੈ॥**
**ਮੂਲ ਹੁਇ ਮਜੀਠ ਰੰਗ ਸੰਗਮ ਸੰਗਾਤੀ ਭਏ,**
**ਫੂਲ ਹੁਇ ਕਸੁੰਭ ਰੰਗ ਚੰਚਲ ਚਰਿਤ੍ਰ ਹੈ॥**
**ਤੈਸੇ ਹੀ ਅਸਾਧ ਸਾਧ ਦਾਦਰ ਅਉ ਮੀਨ ਗਤਿ,**
**ਗੁਪਤ ਪ੍ਰਗਟ ਮੋਹ ਦ੍ਰੋਹ ਕੈ ਬਚਿਤ੍ਰ ਹੈ ॥੧੩੨॥**

**ਪਦ ਅਰਥ** : ਅਜਯਾ—ਬਕਰੀ। ਅਧੀਨ—ਗਰੀਬ, ਨਿਮਰ ਸੁਭਾਅ। ਗਰਬ—ਅਹੰਕਾਰ। ਸਿੰਘ—ਸ਼ੇਰ। ਦੇਹ—ਸਰੀਰ। ਮੋਨ ਬ੍ਰਤ ਗਹੈ—ਚੁਪ ਸਾਧਣੀ, ਚੁਪ ਧਾਰਨ ਕਰਨੀ। ਊਖ—ਗੰਨਾ। ਪਯੂਖ-ਅੰਮ੍ਰਿਤ, ਮਿਠਾਸ। ਬਕ ਬਾਨੀ—ਵਾਧੂ ਬੋਲਣਾ (ਤਿਖੀ ਹਵਾ ਚਲਣ ਨਾਲ ਉਚੇ ਬਾਂਸ ਆਪੋ ਵਿਚ ਖਹਿ ਖਹਿ ਕੇ ਉਚੀ ਉਚੀ ਸਰਰ ਸਰਰ ਕਰਦੇ ਰੌਲਾ ਪਾਉਂਦੇ ਹਨ।) ਸਿਤ੍ਰ—ਸੀਤਲਤਾ। ਮੂਲ—ਮੁਢ, ਜੜ੍ਹ। ਮਜੀਠ—ਪੱਕਾ ਰੰਗ। ਸੰਗਮ—ਮੇਲ। ਸੰਗਾਤੀ—ਮਿਲੇ ਹੋਏ ਵਰਗਾ। ਕਸੁੰਭ ਕੱਚਾ ਰੰਗ। ਚੰਚਲ ਚਰਿਤ੍ਰ—ਭੜਕਾਊ ਪ੍ਰਭਾਵ। ਅਸਾਧ—ਮਨਮੁਖ। ਸਾਧ—ਗੁਰਮੁਖ। ਦਾਦਰ—ਡੱਡੂ। ਮੀਨ—ਮੱਛੀ। ਗਤਿ—ਵਾਂਗ। ਮੋਹ—ਪਿਆਰ। ਦ੍ਰੋਹ—ਧ੍ਰੋਹ, ਛਲ। ਬਚਿਤ੍ਰ—ਅਜੀਬ, ਨਿਰਾਲਾ।

**ਅਰਥ** : ਬਕਰੀ (ਸਾਕਾਹਾਰੀ ਹੈ ਅਤੇ ਦੁੱਧ ਦੇਣ ਦਾ ਉਪਕਾਰ ਕਰਦੀ ਹੈ) ਗਰੀਬੜੇ ਸੁਭਾਅ ਕਰਕੇ ਪਰਮ ਪਵਿਤਰ (ਸਮਝੀ ਜਾਂਦੀ) ਹੈ, ਪਰ (ਜ਼ਾਲਮ ਤੇ ਮਾਸਾਹਾਰੀ) ਸ਼ੇਰ ਦੇ ਸਰੀਰ ਨੂੰ ਹੰਕਾਰ ਦੇ ਕਾਰਨ ਮਹਾਨ ਅਪਵਿਤਰ (ਮੰਨਿਆ ਜਾਂਦਾ) ਹੈ।

ਚੁੱਪ ਧਾਰਨ ਕਰਨੀ ਇਉਂ ਹੈ ਜਿਵੇਂ ਗੰਨੇ ਵਿਚ ਅੰਮ੍ਰਿਤ-ਰਸ ਹੁੰਦਾ ਹੈ, ਪਰ ਵਾਧੂ ਰੌਲਾ ਪਾਉਣ ਨਾਲ ਬਾਂਸ ਵਾਂਗ (ਉਸ ਵਿਚ ਚੰਦਨ ਦੀ) ਸੁਗੰਧੀ ਤੇ ਸੀਤਲਤਾ ਨਹੀਂ ਪਰਵੇਸ਼ ਕਰਦੀ।

ਮਜੀਠ ਦਾ ਰੰਗ (ਹੇਠਾਂ ਉਸ ਦੇ) ਮੁਢ ਵਿਚ ਹੁੰਦਾ ਹੈ, ਉਸ ਨਾਲ ਮਿਲਣ ਵਾਲਾ ਉਸੇ ਜਿਹਾ (ਪੱਕੇ ਰੰਗ ਵਾਲਾ) ਹੋ ਜਾਂਦਾ ਹੈ, ਪਰ ਕਸੁੰਭੇ ਦਾ ਰੰਗ (ਉਪਰ) ਫੁੱਲਾਂ ਵਿਚ ਹੁੰਦਾ ਹੈ, ਜੋ ਭੜਕਾਊ ਪ੍ਰਭਾਵ ਵਾਲਾ (ਕੱਚਾ) ਹੁੰਦਾ ਹੈ।

ਇਸੇ ਤਰ੍ਹਾਂ ਮਨਮੁਖ ਡੱਡੂ ਵਾਂਗ ਹੈ, ਜਿਸ ਦਾ ਪਾਣੀ ਨਾਲ ਮੋਹ ਛਲ ਸਮਾਨ ਪ੍ਰਗਟ ਹੈ, ਪਰ ਗੁਰਮੁਖ ਮੱਛੀ ਸਮਾਨ ਹੈ, ਜਿਸ ਦੀ ਜਲ ਨਾਲ ਪ੍ਰੀਤੀ ਗੁਪਤ ਅਤੇ ਬਹੁਤ ਹੀ ਨਿਰਾਲੀ ਹੁੰਦੀ ਹੈ।੧੩੨।

**ਭਾਵ** : ਗੁਰਮੁਖ ਨਿਮਰ, ਗੰਭੀਰ ਤੇ ਅੰਮ੍ਰਿਤ ਸਮਾਨ ਮਿੱਠਾ, ਨਾਮ ਦੇ ਗੂੜ੍ਹੇ ਰੰਗ ਵਿਚ ਰਤਾ, ਪ੍ਰਭੂ ਦੀ ਸੱਚੀ ਪ੍ਰੀਤੀ ਵਾਲਾ ਹੁੰਦਾ ਹੈ, ਪਰ ਮਨਮੁਖ ਹੰਕਾਰੀ, ਬੜਬੋਲਾ, ਨਿਰਗੰਧ ਅਤੇ ਨਾਸਮਾਨ ਮਾਇਆ-ਜਾਲ ਵਿਚ ਫਾਥਾ ਕਪਟੀ ਤੇ ਹੰਕਾਰੀ ਹੁੰਦਾ ਹੈ।


www.AKJ.Org

ਪੂਰਨ ਬ੍ਰਹਮ ਧਿਆਨ ਪੂਰਨ ਬ੍ਰਹਮ ਗਿਆਨ,
ਪੂਰਨ ਭਗਤਿ ਸਤਿਗੁਰ ਉਪਦੇਸ ਹੈ ॥
ਜੈਸੇ ਜਲ ਆਪਾ ਖੋਇ ਬਰਨ ਬਰਨ ਮਿਲੈ,
ਤੈਸੇ ਹੀ ਬਿਬੇਕੀ ਪਰਮਾਤਮ ਪ੍ਰਵੇਸ ਹੈ ॥
ਪਾਰਸ ਪਰਸਿ ਜੈਸੇ ਕਨਿਕ ਅਨਿਕ ਧਾਤ,
ਚੰਦਨ ਬਨਾਸਪਤੀ ਬਾਸਨਾ ਆਵੇਸ ਹੈ ॥
ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤਿ ਪੋਤਿ,
ਭਾਵਨੀ ਭਗਤਿ ਭਾਇ ਆਦਿ ਕਉ ਆਦੇਸ ਹੈ ॥੧੩੩॥

**ਪਦ ਅਰਥ** : ਭਗਤਿ–ਭਗਤੀ । ਬਰਨ–ਰੰਗ । ਬਿਬੇਕੀ–ਗਿਆਨ-ਵਿਚਾਰੀ, ਸਤਿਗੁਰੂ ਦਾ ਰਹਿਤਵਾਨ ਸਿਖ । ਪਰਸਿ-ਪਰਸ ਕੇ, ਛੁਹ ਕੇ । ਕਨਿਕ–ਸੋਨਾ । ਬਾਸਨਾ–ਵਾਸ਼ਨਾ, ਸੁਗੰਧੀ । ਆਵੇਸ ਹੈ–ਵਸਦੀ ਹੈ, ਆਉਂਦੀ ਹੈ । ਘਟਿ ਘਟਿ–ਹਰੇਕ ਸਰੀਰ ਵਿਚ । ਓਤਿ ਪੋਤਿ–ਤਾਣੇ ਪੇਟੇ ਵਾਂਗ । ਭਾਵਨੀ ਭਗਤਿ–ਪ੍ਰੇਮਾ ਭਗਤੀ । ਭਾਇ–ਪ੍ਰੇਮ, ਸ਼ਰਧਾ ਨਾਲ । ਆਦਿ–ਆਦਿ ਪੁਰਖ, ਵਾਹਿਗੁਰੂ । ਆਦੇਸ–ਨਮਸ਼ਕਾਰ ।

**ਅਰਥ** : ਸਤਿਗੁਰੂ ਦਾ ਉਪਦੇਸ਼ (ਨਾਮ-ਅੰਮ੍ਰਿਤ ਦੀ ਬਖ਼ਸ਼ਸ਼) ਹੀ ਪੂਰਨ ਬ੍ਰਹਮ ਧਿਆਨ ਹੈ, ਪੂਰਨ ਬ੍ਰਹਮ ਗਿਆਨ ਹੈ ਅਤੇ ਪੂਰਨ ਭਗਤੀ ਹੈ ।

ਜਿਵੇਂ ਪਾਣੀ ਆਪਣਾ ਆਪ ਗੁਆ ਕੇ ਸਾਰੇ ਰੰਗਾਂ ਵਿਚ (ਇਕ-ਸਮਾਨ) ਮਿਲ ਜਾਂਦਾ ਹੈ, ਤਿਵੇਂ ਹੀ (ਗੁਰ-ਉਪਦੇਸ਼ ਦੀ ਕਮਾਈ ਕਰਨ ਵਾਲਾ) ਬਿਬੇਕੀ ਗੁਰਮੁਖ ਆਪਾ ਖੋਹ ਕੇ ਵਾਹਿਗੁਰੂ ਨਾਲ ਮਿਲ ਜਾਂਦਾ ਹੈ ।

ਜਿਵੇਂ ਪਾਰਸ ਨਾਲ ਛੁਹ ਕੇ ਕਈ ਧਾਤਾਂ ਸੋਨਾ ਬਣ ਜਾਂਦੀਆਂ ਹਨ ਅਤੇ ਚੰਦਨ ਦੀ ਸੁਗੰਧੀ (ਨਾਲ ਦੇ) ਬ੍ਰਿਛਾਂ ਬੂਟਿਆਂ ਵਿਚ ਪ੍ਰਵੇਸ਼ ਕਰ ਜਾਂਦੀ ਹੈ (ਗੁਰਮੁਖ ਜਨ ਗੁਰ-ਉਪਦੇਸ਼ ਨਾਲ ਮਿਲ ਕੇ ਉਜਲ ਅਤੇ ਸੁਗੰਧੀ ਵਾਲਾ ਹੋ ਜਾਂਦਾ ਹੈ) ।

(ਗੁਰੂ-ਉਪਦੇਸ਼ ਨੂੰ ਪ੍ਰਾਪਤ ਬਿਬੇਕੀ ਜਨ) ਪੂਰਨ ਸ਼ਰਧਾ ਤੇ ਪ੍ਰੇਮਾ ਭਗਤੀ ਸਹਿਤ ਆਦਿ ਪੁਰਖ ਵਾਹਿਗੁਰੂ ਨੂੰ ਜੁਹਾਰਾਂ ਕਰਦਾ ਹੋਇਆ, ਘਟ ਘਟ ਵਿਚ ਵਸਦੇ ਪੂਰਨ ਬ੍ਰਹਮ ਵਾਹਿਗੁਰੂ ਦੀ ਜੋਤੀ ਨਾਲ ਤਾਣੇ ਪੇਟੇ ਵਾਂਗ ਮਿਲ ਜਾਂਦਾ ਹੈ ।੧੩੩।

ਜੈਸੇ ਕਰਪੂਰ ਮੈ ਉਡਨ ਕੋ ਸੁਭਾਉ ਤਾ ਤੇ,
ਅਉਰ ਬਾਸਨਾ ਨ ਤਾ ਕੈ ਆਗੈ ਠਹਿਰਾਵਈ ॥
ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ,
ਤਾਹੀ ਤੇ ਸੁਗੰਧਤਾ ਸਕਲ ਮੈ ਸਮਾਵਈ ॥
ਜੈਸੇ ਜਲ ਮਿਲਤ ਸ੍ਰਬੰਗ ਸੰਗਿ ਰੰਗੁ ਰਾਖੈ,
ਅਗਨਿ ਜਰਾਇ ਸਭ ਰੰਗਨ ਮਿਟਾਵਈ ॥
ਜੈਸੇ ਰਵਿ ਸਸਿ ਸਿਵ ਸਕਤਿ ਸੁਭਾਵ ਗਤਿ,
ਸੰਜੋਗੀ ਬਿਓਗੀ ਦ੍ਰਿਸਟਾਂਤ ਕੈ ਦਿਖਾਵਈ ॥੧੩੪॥

**ਪਦ ਅਰਥ** : ਕਰਪੂਰ–ਮੁਸ਼ਕ ਕਪੂਰ । ਠਹਿਰਾਵਈ–ਖਲੋ ਸਕਦੀ । ਸੁਬਾਸ–ਸੁਗੰਧੀ । ਬਨਾਸਪਤੀ–ਬ੍ਰਿਛ ਬੂਟੇ । ਤਾਹੀ ਤੇ–ਇਸੇ ਕਰਕੇ । ਸ੍ਰਬੰਗ–ਸਾਰੇ ਅੰਗਾਂ ਕਰਕੇ, ਸਾਰਾ ਆਪਾ । ਮਿਲਤ ਸੰਗਿ–ਸਾਰੇ (ਰੰਗਾਂ) ਨਾਲ ਮਿਲ ਕੇ । ਅਗਨਿ–ਅਗਨੀ । ਜਰਾਇ–ਸਾੜ ਕੇ । ਰਵਿ–ਸੂਰਜ । ਸਸਿ–ਚੰਦਰਮਾ । ਸਿਵ–ਸਤੋਗੁਣੀ । ਸਕਤਿ–ਤਮੋਗੁਣੀ । ਸੰਜੋਗੀ–(ਸਤਿਗੁਰੂ ਨਾਲ) ਮਿਲੇ ਹੋਏ, ਗੁਰਮੁਖ । ਬਿਓਗੀ–(ਸਤਿਗੁਰੂ ਤੋਂ) ਵਿਛੜੇ ਹੋਏ, ਮਨਮੁਖ । ਦ੍ਰਿਸਟਾਂਤ–ਉਦਾਹਰਣ ।


www.AKJ.Org

**ਅਰਥ** : ਜਿਵੇਂ ਮੁਸ਼ਕ ਕਪੂਰ ਵਿਚ ਉਡਣ ਦਾ ਸੁਭਾਅ ਹੈ, ਇਸ ਕਰਕੇ ਉਸ ਦੇ ਅਗੇ ਕਿਸੇ ਹੋਰ ਪਦਾਰਥ ਵਿਚ ਉਸ ਦੀ ਸੁਗੰਧੀ ਨਹੀਂ ਠਹਿਰ ਸਕਦੀ ।

(ਪਰ) ਚੰਦਨ ਦੀ ਮਿਠੀ ਸੁਗੰਧੀ ਨਾਲ ਬਨਾਸਪਤੀ ਸੁਗੰਧੀ ਵਾਲੀ ਹੋ ਜਾਂਦੀ ਹੈ, ਇਸੇ ਕਰਕੇ (ਆਲੇ ਦੁਆਲੇ ਦੇ) ਸਾਰੇ ਬ੍ਰਿਛਾਂ ਬੂਟਿਆਂ ਵਿਚ ਸੁਗੰਧੀ ਸਮਾ ਜਾਂਦੀ ਹੈ ।

ਜਿਵੇਂ ਪੂਰੇ ਤੌਰ ਤੇ ਪਾਣੀ ਸਾਰੇ ਰੰਗਾਂ ਨਾਲ ਮਿਲ ਕੇ ਉਹੋ ਰੰਗ ਧਾਰ ਲੈਂਦਾ ਹੈ, ਪਰ ਅੱਗ ਸਾਰੇ ਰੰਗਾਂ ਨੂੰ ਸਾੜ ਕੇ ਖ਼ਤਮ ਕਰ ਦਿੰਦੀ ਹੈ ।

ਜਿਵੇਂ ਸੂਰਜ ਤਮੋਗੁਣੀ ਅਤੇ ਚੰਦ੍ਰਮਾ ਸਤੋਗੁਣੀ ਸੁਭਾਵਾਂ ਵਾਲੇ ਹਨ, ਇਨ੍ਹਾਂ ਉਦਾਹਰਣਾਂ ਵਾਂਗ (ਗੁਰੂ ਨੂੰ) ਮਿਲੇ ਹੋਏ ਗੁਰਮੁਖ ਸ਼ਾਂਤ-ਚਿਤ ਅਤੇ (ਗੁਰੂ ਤੋਂ) ਵਿਛੜੇ ਹੋਏ ਮਨਮੁਖ ਤ੍ਰਮੋਗੁਣੀ (ਮਾਇਆ-ਗ੍ਰਸੇ) ਨਜ਼ਰ ਆਉਂਦੇ ਹਨ ।੧੩੪।

**ਸ੍ਰੀ ਗੁਰ ਦਰਸ ਧਿਆਨ ਸ੍ਰੀ ਗੁਰ ਸਬਦ ਗਿਆਨ,**
**ਸਸਤ੍ਰ ਸਨਾਹ ਪੰਚ ਦੂਤ ਬਸਿ ਆਏ ਹੈਂ ॥**
**ਸ੍ਰੀ ਗੁਰ ਚਰਨ ਰੇਨੁ ਸ੍ਰੀ ਗੁਰ ਸਰਨ ਧੇਨੁ,**
**ਕਰਮ ਭਰਮ ਕਾਟਿ, ਅਭੈ ਪਦ ਪਾਏ ਹੈਂ ॥**
**ਸ੍ਰੀ ਗੁਰ ਬਚਨ ਲੇਖਿ, ਸ੍ਰੀ ਗੁਰ ਸੇਵਕ ਭੇਖ,**
**ਅਛਲੁ ਅਲੇਖੁ ਪ੍ਰਭੁ ਅਲਖੁ ਲਖਾਏ ਹੈਂ ॥**
**ਗੁਰਸਿਖ ਸਾਧ ਸੰਗ ਗੋਸਟਿ ਪ੍ਰੇਮ ਪ੍ਰਸੰਗ,**
**ਨਿੰਮ੍ਰਤਾ ਨਿਰੰਤਰੀ ਕੈ ਸਹਜ ਸਮਾਏ ਹੈ ॥੧੩੫॥**

**ਪਦ ਅਰਥ :** ਗਿਆਨ–ਵਿਚਾਰ, ਅਭਿਆਸ । ਸਨਾਹ–ਸੰਜੋਅ, ਜੁਧ ਵਿਚ ਪਾਈ ਜਾਣ ਵਾਲੀ ਲੋਹੇ ਦੀ ਬਰਦੀ । ਪੰਚ ਦੂਤ–ਪੰਜ ਵੈਰੀ : ਕਾਮ, ਕ੍ਰੋਧ, ਲੋਭ, ਮੋਹ, ਹੰਕਾਰ । ਰੇਨੁ–ਧੂੜੀ । ਧੇਨੁ–ਧਾਰਨ ਕਰ ਕੇ, ਲੈ ਕੇ । ਅਭੈ ਪਦ–ਨਿਰਭੈ ਪਦ, ਜਿਸ ਪਦਵੀ ਤੋਂ ਡਿਗਣ ਦਾ ਡਰ ਨਾ ਹੋਵੇ । ਲੇਖਿ–ਲਿਖ ਕੇ, ਹਿਰਦੇ ਵਿਚ ਵਸਾ ਕੇ । ਭੇਖ–ਰੂਪ, ਸੁਭਾਅ । ਅਛਲੁ–ਜੋ ਠਗਿਆ ਨਾ ਜਾ ਸਕੇ । ਅਲੇਖੁ–ਜੋ ਲੇਖੇ ਵਿਚ ਨਾ ਆ ਸਕੇ । ਅਲਖੁ–ਜੋ ਜਾਣਿਆ ਨਾ ਜਾ ਸਕੇ । ਸਾਧ ਸੰਗ-ਸਾਧੂ-ਸਤਿਗੁਰੂ ਦੀ ਸੰਗਤ । ਗੋਸਟਿ–ਸਭਾ ਵਿਚ ਵਾਰਤਾਲਾਪ, ਸੰਗਤ ਵਿਚ ਬਾਣੀ ਦਾ ਅਲਾਪ, ਪ੍ਰਸੰਗ–ਲਗਨ, ਪ੍ਰੀਤੀ । ਨਿਰੰਤਰੀ–ਲਗਾਤਾਰ, ਇਕ-ਰਸ ।

**ਅਰਥ** : ਸਤਿਗੁਰੂ ਜੀ ਦੇ ਦਰਸ਼ਨ ਦਾ ਧਿਆਨ ਅਤੇ ਸਤਿਗੁਰੂ ਜੀ ਦੇ ਦ੍ਰਿੜ੍ਹਾਏ ਗੁਰ-ਸ਼ਬਦ ਦਾ ਅਭਿਆਸ, (ਇਹ ਮਾਨੋ ਪੰਜਾਂ ਦੂਤਾਂ ਨਾਲ ਜੂਝਣ ਲਈ) ਸ਼ਸਤਰ ਤੇ ਸੰਜੋਅ ਹਨ, (ਜਿਨ੍ਹਾਂ ਨਾਲ) ਪੰਜ ਕਾਮ ਕ੍ਰੋਧ ਆਦਿਕ ਵੈਰੀ ਵਸ ਵਿਚ ਆ ਜਾਂਦੇ ਹਨ ।

ਸਤਿਗੁਰੂ ਜੀ ਦੇ ਚਰਨਾਂ ਦੀ ਧੂੜੀ ਅਤੇ ਸਤਿਗੁਰੂ ਜੀ ਦੀ ਸ਼ਰਨ ਲੈਣ ਨਾਲ ਕਰਮਾਂ ਦੇ ਭਰਮ ਕਟੇ ਜਾ ਕੇ, ਨਿਰਭੈ ਪਦ ਪਾ ਲਈਦਾ ਹੈ ।

ਸਤਿਗੁਰੂ ਜੀ ਦੇ ਬਚਨਾਂ ਨੂੰ ਹਿਰਦੇ ਵਿਚ ਵਸਾ ਕੇ ਅਤੇ ਸਤਿਗੁਰੂ ਜੀ ਦੇ ਸੱਚੇ ਸੇਵਕ ਵਾਲਾ ਸੁਭਾਅ ਗ੍ਰਹਿਣ ਕਰ ਕੇ, ਅਛੱਲ, ਅਲੇਖ ਤੇ ਅਲੱਖ ਪ੍ਰਭੂ ਦੀ ਸੋਝੀ ਆ ਸਕਦੀ ਹੈ ।

ਸਾਧੂ-ਸਤਿਗੁਰੂ ਦੀ ਸੰਗਤ ਵਿਚ ਗੁਰਸਿੱਖਾਂ ਨਾਲ ਮਿਲ ਕੇ, ਨਿਮਰਤਾ ਵਿਚ ਪ੍ਰੇਮ-ਲਗਨ ਨਾਲ ਲਗਾਤਾਰ ਗੁਰਬਾਣੀ ਦਾ ਗਾਇਨ ਕੀਤਿਆਂ ਸਹਜ-ਆਤਮ-ਸੁਖ ਵਿਚ ਸਮਾਈ ਹੁੰਦੀ ਹੈ ।੧੩੫।



www.AKJ.Org

# ਲਾਸਾਂਨੀ ਸ਼ਖ਼ਸੀਅਤ ਗੁਰੂ ਗੋਬਿੰਦ ਸਿੰਘ ਜੀ

ਅੰਗਰੇਜ਼ ਸਕਾਲਰ 'ਕਨਿੰਘਮ' ਨੇ ਸੱਚ ਆਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਕਾਰਨਾਮਿਆਂ ਨੂੰ ਘੋਖਣ, ਵਾਚਣ ਤੇ ਸਮਝਣ ਲਈ ਬੁੱਧੀ ਨੂੰ ਇਕ ਤੇਜ਼ ਰਫਤਾਰ ਘੋੜੇ ਵਾਂਗ ਦੌੜਨਾ ਪਵੇਗਾ ।

ਇਸ ਸਚਾਈ ਨੂੰ ਅਖੋਂ ਓਹਲੇ ਕਰਨਾ ਅਕ੍ਰਿਤਘਣ ਹੋਣਾ ਹੈ ਕਿ ਕੁਲ ੪੨ ਸਾਲਾਂ ਦੀ ਆਯੂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਕੰਮ ਕਰ ਵਿਖਾਏ ਜਿਨ੍ਹਾਂ ਦੀ ਰੀਸ ਕੋਈ ਪੈਗੰਬਰ ਜਾਂ ਕੋਈ ਆਗੂ ਨਹੀਂ ਕਰ ਸਕਿਆ । ਤੇ ਨਾ ਹੀ ਕੋਈ ਕਰ ਸਕੇਗਾ ।

ਆਪ ਦਾ ਜਨਮ ਦਸੰਬਰ ੧੬੬੬ (੧੭੨੩ ਬਿ:) ਨੂੰ ਪਟਨਾ ਸਾਹਿਬ ਵਿਚ ਹੋਇਆ । ਮੁਢਲਾ ਬਾਲਪਨ ਇਥੇ ਹੀ ਗੁਜ਼ਰਿਆ । ਮਾਰਚ ੧੬੭੧ ਵਿਚ ਆਪ ਪਿਤਾ ਗੁਰਦੇਵ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬੁਲਾਵੇ ਤੇ ਅਨੰਦਪੁਰ ਲਈ ਰਵਾਨਾ ਹੋਏ । ਸਾਲ ਭਰ ਰਾਹ ਵਿਚ ਸੰਗਤਾਂ ਨੂੰ ਗੁਰੂ-ਦਰ ਨਾਲ ਜੋੜਦੇ ਤੇ ਪਿਆਰ ਲੈਂਦੇ ਹੋਇ ਫਰਵਰੀ ੭੨ ਵਿਚ ਆਨੰਦਪੁਰ ਪੁਜੇ । ਪਿਤਾ ਗੁਰੂ ਦੀ ਦੇਖ ਰੇਖ ਹੇਠ ਆਪ ਨੇ ਸ਼ਸਤ੍ਰ ਵਿਦਿਆ, ਘੋੜ ਸਵਾਰੀ ਆਦਿ ਹੁਨਰ ਪ੍ਰਾਪਤ ਕੀਤੇ । ੯ ਸਾਲ ਦੀ ਆਯੂ ਸਮੇਂ ਹੀ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਚਣੌਤੀ ਦੇਂਦੇ ਹੋਇ ਪਿਤਾ-ਗੁਰੂ ਧਰਮ ਹੇਤ ਸ਼ਹੀਦੀ ਪਾ ਗਏ । ਇਸ ਦਾ ਜ਼ਿਕਰ ਆਪ ਨੇ ਆਪਣੀ ਜੀਵਨ-ਕਥਾ ਬਚਿਤ੍ਰ ਨਾਟਕ ਵਿਚ ਇਉਂ ਕੀਤਾ ਹੈ–

ਜ਼ਬ ਹਮ ਧਰਮ ਕਰਮ ਮੋ ਆਏ ॥ ਦੇਵ ਲੋਕ ਤਬ ਪਿਤਾ ਸਿਧਾਏ ॥੩॥ [ਅਧਿ: ੭

ਗੁਰਤਾ ਦੇ ਸਿੰਘਾਸਨ ਤੇ ਬਿਰਾਜਮਾਨ ਹੋ ਕੇ ਦੇਸ਼, ਕੌਮ ਤੇ ਧਰਮ ਲਈ ਜੋ ਸ਼ਾਨਦਾਰ ਕਾਰਨਾਮੇ ਕੀਤੇ, ਉਹ ਸਦਾ ਲਈ ਸੰਸਾਰ ਨੂੰ ਚਾਨਣ ਪ੍ਰਦਾਨ ਕਰਦੇ ਰਹਿਣਗੇ ।

ਇਹ ਉਹ ਸਮਾਂ ਸੀ ਜਦ ਹਿੰਦੂਆਂ ਦੇ ਖ਼ੂਨ ਦੀ ਤਿਹਾਈ ਔਰੰਗਜ਼ੇਬ ਦੀ ਜ਼ੁਲਮੀ ਤਲਵਾਰ ਨਿਤਾਪ੍ਰਤੀ ਸੈਂਕੜੇ ਮਜ਼ਲੂਮਾਂ ਨੂੰ ਮੌਤ ਦੇ ਘਾਟ ਉਤਾਰ ਕੇ ਵੀ ਤ੍ਰਿਪਤ ਨਹੀਂ ਹੋ ਰਹੀ ਸੀ । ਹਰ ਜੁੰਮੇ ਦੀ ਨਿਮਾਜ਼ ਸਮੇਂ ਦਿੱਲੀ ਦੀ ਈਦਗਾਹ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂਆਂ ਨੂੰ ਜਬਰਨ ਕਲਮਾ ਪੜ੍ਹਾ ਕੇ ਇਸਲਾਮ ਦੇ ਦਾਇਰੇ ਵਿਚ ਲਿਆਇਆ ਜਾਂਦਾ ਸੀ । ਹਿੰਦੂਆਂ ਦੀ ਗ਼ੈਰਤ ਤੇ ਅਣਖ ਖਤਮ ਹੋ ਚੁਕੀ ਸੀ, ਉਹ ਸਾਹ ਸਤ-ਹੀਣ ਹੋ ਕੇ ਜ਼ਲੀਲ ਤੇ ਖੁਆਰ ਹੋ ਰਹੇ ਸਨ । ਇਸ ਜ਼ੁਲਮ ਤੇ ਅਨਿਆਏ ਦੀ ਪੁਸ਼ਟੀ ਅਨਮਤੀ ਇਤਿਹਾਸਕਾਰਾਂ, ਵਿਸ਼ੇਸ਼ ਕਰਕੇ ਮੁਸਲਮਾਨ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਵੀ ਮਿਲਦੀ ਹੈ ।

ਹਿੰਦੂ ਰਾਜੇ ਮੁਗ਼ਲ-ਸ਼ਾਹੀ ਦੇ ਦਬੇਲ ਹੋ ਕੇ ਆਪਣੀ ਅਣਖ ਤੇ ਆਣ ਗਿਰਵੀ ਰਖ ਚੁਕੇ ਸਨ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਛਡਾ ਕੇ ਲਿਆਂਦੀ ।

ਇਤਿਹਾਸ ਦਸਦਾ ਹੈ ਕਿ ਸਤਿਗੁਰੂ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਇਹ ਅਨੁਭਵ ਕਰ ਲਿਆ ਕਿ "ਬਾਹੂ ਬਲ ਬਿਨਾਂ ਕੌਮਾਂ ਹੁੰਦੀਆਂ ਨਿਤਾਣੀਆਂ ਨੇ ।" ਆਪ ਨੇ ਕੌਮ ਵਿਚ ਬਲ ਭਰਨ ਲਈ ਸਿੱਖਾਂ ਨੂੰ ਪੂਰੀ ਤਰ੍ਹਾਂ ਸ਼ਸਤ੍ਰ-ਬੱਧ ਕੀਤਾ । ਸ਼ਾਹੀ ਠਾਠ ਬਾਠ ਦਾ ਵਾਤਾਵਰਣ ਰਚਿਆ । ਰਣਜੀਤ ਨਗਾਰੇ ਤੇ ਚੋਟ ਲਾ ਕੇ ਸੈਰ ਸ਼ਿਕਾਰ ਤੇ ਚਲਣ, ਜੰਗਲੀ ਜਾਨਵਰਾਂ, ਸ਼ੇਰਾਂ, ਮਰਦੁਮ-ਖ਼ੋਰ ਚੀਤਿਆਂ ਭਾਲੂਆਂ ਨੂੰ ਵੰਗਾਰ ਕੇ ਮਾਰਨ ਜਾਂ ਜੀਂਦੇ ਫੜ ਲਿਆਉਣ ਆਦਿ ਭੁਜ-ਬਲ ਵਧਾਣ ਦੇ ਸੰਕੇਤ ਆਪ ਦੇ ਜੀਵਨ ਵਿਚੋਂ ਬਹੁਤ ਮਿਲਦੇ ਹਨ ।

੧੬੯੯ ਦੀ ਵਿਸਾਖੀ ਵਾਲੇ ਦਿਨ ਇਕ ਨਵੀਂ ਸਿਰਲੱਥ ਕੌਮ ਨੂੰ ਜਨਮ ਦੇਣਾ ਗੁਰੂ ਗੋਬਿੰਦ ਸਿੰਘ ਜੀ ਦੀ ਸੰਸਾਰ ਨੂੰ ਇਕ ਵਡੀ ਦੇਣ ਹੈ ।

ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਵਿਚ ਉਹ ਸਾਰੇ ਗੁਣ ਮੌਜੂਦ ਸਨ, ਜੋ ਕਿਸੇ ਇਨਕਲਾਬੀ ਆਗੂ



www.AKJ.Org

ਵਿਚ ਹੋਣੇ ਚਾਹੀਦੇ ਹਨ। ਜਿਥੇ ਉਹ ਸਵਾ ਲਖ ਵੈਰੀ ਨਾਲ ਇਕ ਇਕ ਸਿੱਖ ਦਾ ਮੁਕਾਬਲਾ ਕਰਾਣ ਵਾਲੇ ਜੋਸ਼ੀਲੇ ਤੇ ਅਣਖੀਲੇ ਕਮਾਂਡਰ ਸਨ, ਉਥੇ ਉਹ ਆਪ ਵੀ ਲੜਾਈ ਦੇ ਤੱਤੇ ਮੈਦਾਨ ਵਿਚ ਕੁਦ ਕੇ ਸੈਂਕੜਿਆਂ ਦੇ ਆਹੂ ਲਾਹੁਣ ਵਾਲੇ ਸੂਰਬੀਰ ਜੋਧੇ ਸਨ।

ਏਡੇ ਜੰਗਜੂ ਬਹਾਦਰ ਤੇ ਲਾਸਾਨੀ ਜਰਨੈਲ ਹੁੰਦਿਆਂ ਹੋਇਆਂ ਆਪ ਇਕ ਵੱਡੇ ਸਾਹਿਤਕਾਰ ਵੀ ਸਨ, ਜਿਨ੍ਹਾਂ ਦੀਆਂ ਅਦਭੁਤ ਰਚਨਾਵਾਂ ਪੜ੍ਹ ਪੜ੍ਹ ਕੇ ਅਕਲ ਦੰਗ ਰਹਿ ਜਾਂਦੀ ਹੈ। ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ ਆਦਿ ਲਿਖਤਾਂ ਆਪ ਦੀ ਆਤਮਿਕ ਤੇ ਪ੍ਰਮਾਰਥਿਕ ਮਹਾਨ ਉਚ ਅਵਸਥਾ ਦੀਆਂ ਲਖਾਇਕ ਹਨ। ਔਰੰਗਜ਼ੇਬ ਦੇ ਅੰਤਲੇ ਦਿਨਾਂ ਵਿਚ ਦਿਆਲਪੁਰੇ ਕਾਂਗੜ ਤੋਂ, ਉਸ ਵਲ ਲਿਖਿਆ ਜ਼ਫਰਨਾਮਾ (ਦੋ ਚਿਠੀਆਂ) ਆਪ ਦੀ ਨਿਰਭੈ ਲੇਖਣੀ ਦੀ ਬੇਨਜ਼ੀਰ ਮਿਸਾਲ ਹੈ।

ਕਾਦਰ ਕਰੀਮ ਨਾਲ ਇਕ-ਰੂਪ ਹੋਏ ਮਹਾਨ ਲਿਖਾਰੀ ਹੋਣ ਦੇ ਨਾਲ ਨਾਲ ਆਪ ਸਾਹਿਤ ਦੇ ਮਹਾਨ ਕਦਰਦਾਨ ਵੀ ਸਨ। ਵਿਦਵਾਨ ਲੇਖਕਾਂ ਕਵੀਆਂ ਨੂੰ ਹਜ਼ਾਰਹਾਂ ਰੁਪਏ ਇਨਾਮ ਦੇ ਕੇ ਉਨ੍ਹਾਂ ਨੂੰ ਉਤਸ਼ਾਹਤ ਕਰਨਾ ਆਪ ਦੇ ਮਹਾ ਦਾਨੀ ਹੋਣ ਦੀ ਸਾਖ ਹੈ। ਆਪ ਦੇ ਦਰਬਾਰ ਵਿਚ ੫੨ ਕਵੀਆਂ ਦੇ ਬੈਠਣ ਦੀ ਪੁਸ਼ਟੀ ਇਤਿਹਾਸਕਾਰਾਂ ਨੇ ਦਿਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਅਕਾਲ ਪੁਰਖ ਤੇ ਅਤੁੱਟ ਭਰੋਸਾ ਸੀ, ਇਸੇ ਕਰਕੇ ਆਪ ਦੇ ਬਲ-ਪ੍ਰਾਕ੍ਰਮ ਵਿਚ ਕਦੀ ਤੋਟ ਨਹੀਂ ਸੀ ਆਈ। ਨਿਰਾਸ਼ਾ ਤਾਂ ਆਪ ਤੋਂ ਕੋਹਾਂ ਦੂਰ ਨਸਦੀ ਸੀ। ੧੬੮੭ ਈ: ਵਿਚ ਆਪ ਨੇ ਪਹਿਲਾ ਭੰਗਾਣੀ ਦਾ ਯੁਧ ਜਿਤਿਆ, ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਦੇ ਬੋਲ "ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।੩੪।" ਬਚਿਤ੍ਰ ਨਾਟਕ ਦੇ ਅਠਵੇਂ ਅਧਿਆਇ ਵਿਚੋਂ ਅਜ ਵੀ ਪੜ੍ਹੇ ਸੁਣੇ ਜਾ ਸਕਦੇ ਹਨ। ਵੈਰੀਆਂ ਨਾਲ ਵਡੀਆਂ ਛੋਟੀਆਂ ੧੪ ਲੜਾਈਆਂ ਲੜਦਿਆਂ ਕਿਸੇ ਵਿਚ ਵੀ ਆਪ ਨੂੰ ਹਾਰ ਨਹੀਂ ਹੋਈ। ਹਮੇਸ਼ਾ ਹੀ ਜਿੱਤ ਆਪ ਦੇ ਕਦਮ ਚੁੰਮਦੀ ਰਹੀ, ਮਾਨੋ 'ਹਾਰ' ਤਾਂ ਆਪ ਤੋਂ ਹਾਰ ਖਾ ਕੇ ਹਮੇਸ਼ਾ ਲਈ ਨਸ ਗਈ ਸੀ। ਆਪ ਦੇ ਇਕ ਇਕ ਬੋਲ ਤੇ ਲੱਖਾਂ ਮਰਜੀਊੜੇ ਜਾਨਾਂ ਵਾਰਨ ਲਈ ਤਿਆਰ ਰਹਿੰਦੇ ਸਨ। ਕੇਸਗੜ੍ਹ ਸਾਹਿਬ ਦੇ ਦੀਵਾਨ ਵਿਚ ਪੰਜਾਂ ਪਿਆਰਿਆਂ ਦੀ ਚੋਣ ਤੇ ਖਾਲਸੇ ਦੀ ਸਾਜਨਾ ਕਰਨ ਤੋਂ ਬਾਅਦ ਦੂਜੇ ਦਿਨ ਸਰਕਾਰ ਨੂੰ ਦਿਤੀ ਗਈ, ਅੰਮ੍ਰਿਤ ਪਾਨ ਕਰਨ ਵਾਲਿਆਂ ਦੀ ਗਿਣਤੀ ਰਿਪੋਰਟ ਵਿਚ ਵੀਹ ਹਜ਼ਾਰ ਲਿਖੀ ਹੈ। ਤਲਵੰਡੀ ਦਮਦਮਾ ਸਾਹਿਬ ਵਿਖੇ ਡੱਲੇ ਸਿੰਘ ਦੇ ਮਾਣ ਨੂੰ ਤੋੜਨ ਲਈ ਬੰਦੂਕ ਦਾ ਨਿਸ਼ਾਨਾ ਪਰਖਣ ਵੇਲੇ ਸੀਨੇ ਵਿਚ ਗੋਲੀ ਖਾਣ ਲਈ ਦੋ ਸਿੱਖਾਂ ਦੇ ਦੌੜ ਕੇ ਆਉਣ ਦਾ ਪ੍ਰਸੰਗ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਅੰਕਤ ਹੈ।

੧੭੦੪ ਵਿਚ ਛੇ ਮਹੀਨੇ ਆਨੰਦਪੁਰ ਦੇ ਆਸ ਪਾਸ ਸ਼ਾਹੀ ਤੇ ਪਹਾੜੀ ਸੈਨਾ ਦਾ ਘੇਰਾ ਪਿਆ ਰਹਿਣ ਤੇ ਵੀ ਆਪ ਨੇ ਨਿਰਾਸ਼ਾ ਨੂੰ ਫਟਕਣ ਨਹੀਂ ਦਿੱਤਾ। ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਸਤਿਗੁਰੂ ਜੀ ਦੋਵੇਂ ਵੇਲੇ ਦੀਵਾਨ ਸਜਾਉਂਦੇ ਰਹੇ। ਸੋਹਣੇ ਅਨੰਦਪੁਰ ਨੂੰ ਛੱਡਣ ਵੇਲੇ ਵੀ ਪੂਰੇ ਸਾਹਸ ਤੇ ਦਲੇਰੀ ਤੋਂ ਕੰਮ ਲੈਂਦਿਆਂ ਸਰਸੇ ਨੂੰ ਪਾਰ ਕੀਤਾ, ਭਾਵੇਂ ਮਹਿਲ ਤੇ ਦੋ ਸ਼ੀਰ-ਖੋਰ ਬੱਚੇ ਅਤੇ ਪਿਆਰੀ ਅੰਮੀ ਵਿਛੜ ਗਏ, ਪਰ ਮਨ ਤੇ ਰਤੀ ਵੀ ਮਲਾਲ ਨਹੀਂ ਆਇਆ।

ਚਮਕੌਰ ਦੀ ਜੰਗ ਵਿਚ ਜਿਗਰ ਦੇ ਦੋ ਟੁਕੜਿਆਂ ਨੂੰ ਆਪਣੀ ਹੱਥੀਂ ਸ਼ਸਤ੍ਰ ਸਜਾ ਕੇ ਸ਼ਹੀਦ ਹੋਣ ਲਈ ਤੋਰਨਾ ਮਹਾਂ ਬੀਰ ਹੋਣ ਦੀ ਨਿਸ਼ਾਨੀ ਹੈ। ਸੰਸਾਰ ਦੇ ਇਤਿਹਾਸ ਵਿਚ ਕਿਸੇ ਪਿਤਾ ਵਲੋਂ ਇੰਜ ਪੁਤਰਾਂ ਦੀ ਕੁਰਬਾਨੀ ਦੇਣ ਦਾ ਸੰਕੇਤ ਨਹੀਂ ਮਿਲਦਾ। ਮਾਹੀ ਹਲਕਾਰੇ ਰਾਹੀਂ ਮਾਲਵੇ ਦੇ ਪਿੰਡ ਸੀਲੋਆਣੀ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਕੰਧਾਂ ਵਿਚ ਚਿਣੇ ਜਾਣ ਦੀ ਖ਼ਬਰ ਸੁਣ ਕੇ ਵਾਹਿਗੁਰੂ ਦਾ ਸ਼ੁਕਰ ਅਦਾ ਕਰਨਾ ਉਰਦੂ ਕਵੀ ਦੇ ਅਖਰਾਂ ਵਿਚ "ਹੈ ਸ਼ੁਕਰ, ਅਜ ਤੇਰੀ ਅਮਾਨਤ ਅਦਾ ਹੂਈ। ਬਚੋਂ ਕੀ ਜਾਨ ਕੌਮ ਕੀ ਖ਼ਾਤਰ ਫ਼ਿਦਾ ਹੂਈ।" ਕਹਿਣਾ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਆਇਆ ਹੈ।

ਚਮਕੌਰ ਦੀ ਗੜ੍ਹੀ ਵਿਚੋਂ ਦਲੇਰੀ ਨਾਲ ਨਿਕਲ ਕੇ ਕਾਲੀ ਬੋਲੀ ਡਰਾਉਣੀ ਰਾਤ ਸਮੇਂ ਜੰਗਲਾਂ


www.AKJ.Org

ਬੀਆਬਾਨਾਂ ਨੂੰ ਚੀਰਦੇ ਨੰਗੇ ਪੈਰੀਂ ਮਾਛੀਵਾੜੇ ਪੁਜਣ ਤਕ ਉੱਚੇ ਦਾਈਏ ਵਿਚ ਰਹਿਣਾ, ਰੋੜਿਆਂ ਕੰਡਿਆਂ ਦੀ ਸੇਜਾ ਨੂੰ 'ਯਾਰੜੇ ਦਾ ਸੱਥਰ ਚੰਗੇਰਾ' ਕਹਿ ਕੇ ਸ਼ੁਕਰਾਨਾ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਹੋਰ ਕੋਈ ਵੀ ਦੁਨੀਆ ਦੇ ਇਤਿਹਾਸ ਵਿਚ ਨਹੀਂ ਦਿਖਾਈ ਦੇਂਦਾ।

ਤਾਹੀਖ਼ਦਾਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਵਰਗਾ ਸ਼ਰਨ-ਪਾਲ ਹੋਣ ਦਾ ਜ਼ਿਕਰ ਅਜ ਤਕ ਕਿਸੇ ਥਾਂ ਨਹੀਂ ਕੀਤਾ। ਪਿਤਾ ਦੇ ਕਾਤਲ ਦਾ ਪੁੱਤਰ (ਬਹਾਦਰ ਸ਼ਾਹ) ਤਖ਼ਤ-ਪ੍ਰਾਪਤੀ ਲਈ ਸਹਾਇਤਾ ਦੀ ਮੰਗ ਕਰਦਾ 'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ' ਦੇ ਮਹਾਂ ਵਾਕ ਅਨੁਸਾਰ ਸ਼ਰਨ ਵਿਚ ਆਇਆ ਤਾਂ ਸ਼ਰਨ-ਪਾਲ ਸਤਿਗੁਰੂ ਜੀ ਜੈਜੋਂ ਦੀ ਲੜਾਈ ਵਿਚ ਆਪਣੀ ਫੌਜ ਭੇਜ ਕੇ ਉਸ ਦੀ ਮਦਦ ਕਰਦੇ ਹਨ ਅਤੇ ਦਿੱਲੀ ਦੇ ਤਖ਼ਤ ਦਾ ਵਾਰਿਸ ਬਣਾਂਦੇ ਹਨ, ਪਰ ਉਹ ਬੇਕਦਰਾ ਸਾਰੇ ਕੌਲ-ਕਰਾਰ ਭੁਲਾ ਕੇ ਸਤਿਗੁਰੂ ਜੀ ਦੇ ਜੋਤੀ-ਜੋਤਿ ਸਮਾਣ ਮਗਰੋਂ ਸਿੱਖਾਂ ਦਾ ਖੁਰਾ ਖੋਜ ਮਿਟਾਣ 'ਤੇ ਤੁਲ ਜਾਂਦਾ ਹੈ।

ਮੁਕਤ ਭੁਗਤ ਦਾ ਦਾਤਾ ਸਤਿਗੁਰੂ ਅਨੰਦਪੁਰ ਦੇ ਘੇਰੇ ਸਮੇਂ ਭੁੱਖ ਦੇ ਦੁਖੋਂ ਤੰਗ ਆਏ ਬੇਦਾਵਾ ਦੇ ਗਏ ਸਿੱਖਾਂ ਦੀ ਕਿਵੇਂ ਟੁੱਟੀ ਗੰਢਦਾ ਹੈ, ਮੁਕਤਸਰ ਦਾ ਇਤਿਹਾਸਕ ਅਸਥਾਨ ਇਸ ਗੱਲ ਦੀ ਅਜ ਵੀ ਗਵਾਹੀ ਦੇ ਰਿਹਾ ਹੈ। ਸਭ ਕੁਛ ਲੁਟ ਚੁੱਕਾ ਹੈ, ਪੁੱਤਰ ਸ਼ਹੀਦ ਹੋ ਗਏ ਹਨ, ਪਰਵਾਰ ਵਿਛੜ ਗਿਆ ਹੈ, ਪਰ ਪਿਆਰੇ ਸਿੱਖਾਂ ਨੂੰ ਨਹੀਂ ਵਿਸਾਰਿਆ। ਭੋਗ ਮੋਖ ਦੇ ਦਾਤੇ ਸਤਿਗੁਰੂ ਨੇ ਉਹ ਬਦਾਵੇ ਵਾਲਾ ਕਾਗਜ਼ ਕਮਰਕਸੇ ਵਿਚ ਸਾਂਭ ਕੇ ਬੰਨ੍ਹਿਆ ਹੋਇਆ ਹੈ। ਸਮਾਂ ਆਉਣ ਤੇ ਸਿੱਖਾਂ ਨੂੰ ਬਖਸ਼ਦਾ ਬੇਦਾਵੇ ਨੂੰ ਪਾੜਦਾ ਤੇ ਟੁੱਟੀ ਗੰਢਦਾ ਹੈ।

ਵਿਛੁੜਿਆਂ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ (ਪੰਨਾ ੯੫੭)

ਬੀਰ ਕੌਮਾਂ ਵਿਚ ਸੁੱਤੀ ਬੀਰਤਾ ਦੀ ਅੰਸ਼ ਜਗਾਉਣਾ ਸੌਖਾ ਹੈ, ਪਰ ਨੀਚ ਤੇ ਦਲਿਤ ਮੁੱਦਤਾਂ ਤੋਂ ਮਾਰ ਖਾਂਦੇ ਆ ਰਹੇ ਲੋਕਾਂ ਨੂੰ ਆਪਣੇ ਬਰਾਬਰ ਦਾ ਦਰਜਾ ਦੇ ਕੇ ਉਨ੍ਹਾਂ ਵਿਚ ਮਰਦਾਨਗੀ ਦੀ ਰੂਹ ਫੂਕਣ ਦਾ ਕੰਮ ਗੁਰੂ ਗੋਬਿੰਦ ਸਿੰਘ ਜੀ ਤੋਂ ਸਿਵਾ ਹੋਰ ਕੌਣ ਕਰ ਸਕਦਾ ਹੈ ?

ਸੰਸਾਰ ਦੇ ਸਾਰੇ ਪ੍ਰਸਿਧ ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਦਿਲ ਖੋਲ੍ਹ ਕੇ ਸ਼ਰਧਾਂਜਲੀਆਂ ਅਰਪਣ ਕੀਤੀਆਂ ਹਨ, ਜਿਨ੍ਹਾਂ ਵਿਚੋਂ ਡੇਰਾ ਗਾਜ਼ੀ ਖਾਂ (ਹੁਣ ਪਾਕਿਸਤਾਨ) ਦੇ ਇਕ ਕੱਟੜ ਆਰੀਆ ਸਮਾਜੀ ਲਾਲਾ ਦੌਲਤ ਰਾਮ ਦੇ ਸ਼ਬਦ ਹਨ, ''ਇਕੋ ਹੀ ਵਿਅਕਤੀ ਵਿਚ ਸਾਰੇ ਗੁਣ ਮਿਲਣੇ ਬਹੁਤ ਕਠਨ ਹਨ, ਪਰ ਗੁਰੂ ਗੋਬਿੰਦ ਸਿੰਘ ਜੀ ਹਰ ਪਾਸਿਓਂ ਮੁਕੰਮਲ ਸ਼ਖ਼ਸੀਅਤ ਸਨ। ਉਹ ਮਹਾਂ ਕਵੀ ਸਨ, ਧਾਰਮਕ ਨੇਤਾ ਸਨ, ਚੋਟੀ ਦੇ ਸੁਧਾਰਕ ਸਨ, ਮੰਨੇ ਪ੍ਰਮੰਨੇ ਵਿਦਵਾਨ ਸਨ ਤੇ ਨਾਲ ਹੀ ਬਲਵਾਨ ਯੋਧੇ ਤੇ ਜਰਨੈਲ ਵੀ।'' ਇਕ ਉਰਦੂ ਦੇ ਸ਼ਾਇਰ ਨੇ ਕਿਹਾ ਹੈ—

ਸਾਨੀ ਗੁਰੂ ਗੋਬਿੰਦ ਕਾ ਦੁਨੀਆ ਮੇਂ ਨਹੀਂ ਹੈ।
ਅਰਸ਼ ਪਿਹ ਨਾ ਫਰਸ਼ ਪਿਹ, ਬਤਾਉ, ਕਹੀਂ ਹੈ ?

# ਪਰਦੇਸੀ ਪਾਠਕ ਨੋਟ ਕਰਨ

ਚਿਟ ਨੰ: J/39 ਤੋਂ J/356 ਤਕ ਸਾਰੇ ਪਰਚੇ ਭਾ: ਜੀਵਨ ਸਿੰਘ ਜੀ ਅਤੇ ਸਾਧ ਸੰਗਤ ਕੈਨੇਡਾ ਵਲੋਂ ਇਕ ਸਾਲ ਲਈ ***By Sea Mail*** ਦਾ ਚੰਦਾ ਭਰ ਕੇ ਜਾਰੀ ਕਰਵਾਏ ਗਏ ਸਨ। ਇਹ ਚੰਦਾ ਅਪਰੈਲ **94** ਦੇ ਪਰਚੇ ਨਾਲ ਖਤਮ ਹੋ ਜਾਵੇਗਾ। ਅਗੋਂ ਜਿਹੜੇ ਪਾਠਕ ਚੰਦਾ ਦੇਣਗੇ ਉਨ੍ਹਾਂ ਦੇ ਪਰਚੇ ਜਾਰੀ ਰਹਿਣਗੇ ਅਤੇ ਬਾਕੀ ਬੰਦ ਹੋ ਜਾਣਗੇ। ਇਸ ਲਈ ਅਗੋਂ ਪਰਚਾ ਜਾਰੀ ਰਖਣ ਲਈ ਚੰਦੇ ਦੀ ਰਕਮ ਭੇਜ ਕੇ ਪਰਚਾ ਜਾਰੀ ਰਖੋ ਜੀ। ਚੰਦਿਆਂ ਦੇ ਰੇਟ ਹਰ ਪਰਚੇ ਦੇ ਪੰਨਾ 3 ਉਪਰ ਲਿਖੇ ਹੋਏ ਹਨ ਜੀ।



www.AKJ.Org

# ਗਿੱਧੇ ਤੇ ਭੰਗੜੇ ਗੁਰੂ ਸਾਹਿਬਾਨ ਦੇ ਨਾਵਾਂ ਹੇਠ

'ਅਜੀਤ' ੧੩-੨-੯੪ ਦੇ ਪੰਨਾ ੯ 'ਤੇ "ਗਿੱਧੇ 'ਚ ਖੁਡੇ ਦੀਆਂ ਮੁਟਿਆਰਾਂ " ਦੇ ਹੈਡਿੰਗ ਹੇਠ ਖ਼ਬਰ ਦਿਤੀ ਗਈ ਹੈ–

ਹੁਸ਼ਿਆਰਪੁਰ, ੧੨ ਫ਼ਰਵਰੀ (ਨਿੱਜੀ ਪਤਰ ਪ੍ਰੇਰਕ) '**ਗੁਰੂ ਹਰਿਗੋਬਿੰਦ ਯੂਥ ਕਲੱਬ**' ਹੁਸ਼ਿਆਰ-ਪੁਰ ਵਲੋਂ ਨਹਿਰੂ ਯੁਵਾ ਕੇਂਦਰ ਦੇ ਸਹਿਯੋਗ ਨਾਲ ਦੋ-ਰੋਜ਼ਾ ਸਭਿਆਚਾਰਕ ਮੇਲਾ 'ਨਚਦਾ ਪੰਜਾਬ' ਪੁਰਾਣੀ ਤਹਿਸੀਲ ਦੇ ਮੈਦਾਨ ਵਿਚ ਕਰਵਾਇਆ ਗਿਆ।.. ਪਹਿਲੇ ਦਿਨ ਲੋਕ ਗੀਤਾਂ, ਮੋਨੋ-ਐਕਟਿੰਗ, ਫ਼ੈਂਸੀ ਡਰੈਸ, ਗਿੱਧੇ ਅਤੇ ਭੰਗੜੇ ਦੇ ਮੁਕਾਬਲੇ ਕਰਵਾਏ ਗਏ। ਗਿੱਧੇ ਦਾ ਮੁਕਾਬਲਾ '**ਮਾਤਾ ਸੁੰਦਰੀ ਕਲੱਬ**' ਖੁੱਡਾ ਦੀਆਂ ਮੁਟਿਆਰਾਂ ਨੇ ਜਿੱਤਿਆ। ਭੰਗੜੇ ਦੇ ਮੁਕਾਬਲੇ ਵਿਚ ੫ ਟੀਮਾਂ ਨੇ ਹਿੱਸਾ ਲਿਆ।......

ਗਿੱਧੇ ਤੇ ਭੰਗੜੇ ਦੇ ਪ੍ਰੋਗਰਾਮਾਂ ਵਿਚ ਹਿੱਸੇ ਲੈਣ ਵਾਲਿਆਂ ਵਿਚ 'ਗੁਰੂ ਹਰਿਗੋਬਿੰਦ ਯੂਥ ਕਲੱਬ' ਅਤੇ 'ਮਾਤਾ ਸੁੰਦਰੀ ਕਲੱਬ' ਦੇ ਨਾਂ ਹਨ। ਇਸ ਸੰਬੰਧ ਵਿਚ ਸੰਬੰਧਤ ਸਜਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੇ ਸਭਿਆਚਾਰਕ ਪ੍ਰੋਗਰਾਮ ਕਰਨ ਲਈ ਕਲੱਬਾਂ ਦੇ ਨਾਵਾਂ ਵਿਚ ਗੁਰੂ ਸਾਹਿਬਾਨ ਦੇ ਨਾਮ ਵਰਤਣੇ ਅਯੋਗ ਹਨ। ਇਸ ਤਰ੍ਹਾਂ ਕਰ ਕੇ ਅਸੀਂ ਗੁਰੂ ਸਾਹਿਬਾਨ ਦਾ ਸਤਿਕਾਰ ਕਰਨ ਦੀ ਥਾਂ ਬੇਅਦਬੀ ਕਰਨ ਦੇ ਭਾਗੀ ਬਣ ਰਹੇ ਹਾਂ। ਇਸ ਕਰਕੇ ਅਜਿਹੇ ਪ੍ਰੋਗਰਾਮ ਕਰਨ ਵਾਲੀਆਂ ਕਲੱਬਾਂ ਦੇ ਪ੍ਰਬੰਧਕ ਕਲੱਬਾਂ ਦੇ ਨਾਵਾਂ ਵਿਚੋਂ ਗੁਰੂ ਸਾਹਿਬਾਨ ਦੇ ਨਾਮ ਕਢ ਕੇ ਸਤਿਗੁਰੂ ਅਤੇ ਗੁਰਸਿੱਖਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਪੰਥ ਦੀਆਂ ਮੁਖੀ ਜਥੇਬੰਦੀਆਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਚੀਫ਼ ਖ਼ਾਲਸਾ ਦੀਵਾਨ ਆਦਿ ਨੂੰ ਵੀ ਬਿਨੈ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬਾਨ ਦੇ ਨਾਂ ਹੇਠ ਗਿੱਧੇ ਤੇ ਭੰਗੜੇ ਪਾਉਣ ਨੂੰ ਰੋਕਣ ਲਈ ਯੋਗ ਉਪਰਾਲਾ ਕੀਤਾ ਜਾਵੇ ਜੀ।

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਅਣਡਿੱਠੀ ਦੁਨੀਆ | ੨੫-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਗੁਰਮਤਿ ਲੇਖ | ੨੦-੦੦ | ਨਾਮ ਤੇ ਨਾਮ ਦਾ ਦਾਤਾ | ੨੦-੦੦ |
| ਗੁਰਮਤਿ ਵਿਚਾਰ | ੨੦-੦੦ | ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ ? | ੧੨-੦੦ |
| ਗੁਰਮਤਿ ਪ੍ਰਕਾਸ਼ | ੧੫-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਬਿਬੇਕ | ੨੦-੦੦ | ਰੰਗਲੇ ਸੱਜਣ | ੨੦-੦੦ |
| ਜੇਲ੍ਹ ਚਿੱਠੀਆਂ | ੩੫-੦੦ | ਗੁਰਮਤਿ ਗੌਰਵਤਾ | ੩੨-੦੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ | ੭-੫੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਅੰਮ੍ਰਿਤ ਕੀ ਹੈ ? | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |
| ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ | ਹਉਮੈ ਨਾਵੈ ਨਾਲਿ ਵਿਰੋਧ ਹੈ | ੧-੦੦ |
| ਵਾਹਿਗੁਰੂ ਸਿਮਰਨ | ੦-੭੫ | ਆਸਤਕ ਤੇ ਨਾਸਤਕ | ੦-੭੫ |



www.AKJ.Org

ਨੋਟ : 'ਸੂਰਾ' ਦੇ ਬਰਖ਼ਿਲਾਫ਼ ਅਖ਼ਬਾਰਾਂ ਵਿਚ ਕੀਤੇ ਗਏ ਭੰਡੀ-ਪਰਚਾਰ ਬਾਰੇ ਲਿਖਤੀ ਨੋਟ ਜਥੇਦਾਰ ਸਾਹਿਬ ਨੂੰ ਪਰਵਾਨਗੀ ਲਈ ਭੇਜਿਆ, ਜੋ ਉਨ੍ਹਾਂ ਵਿਚਾਰੇ ਜਾਣ ਲਈ ਆਪਣੇ ਪਾਸ ਰਖ ਲਿਆ। ਉਨ੍ਹਾਂ ਵਲੋਂ ਨਿਰਣਾ ਲਏ ਜਾਣ ਮਗਰੋਂ ਹੁਣ ਉਹ ਅਗਲੇ 'ਸੂਰਾ' ਵਿਚ ਛਪ ਸਕਣਾ ਸੰਭਵ ਹੋਵੇਗਾ।

---

## ਕੀਰਤਨੀ ਬੱਚਿਆਂ ਵਰਿੰਦਰ ਸਿੰਘ ਰੁਪਿੰਦਰ ਸਿੰਘ ਦੀ ਮਿੱਠੀ ਯਾਦ ਵਿਚ ਅੰਮ੍ਰਿਤਸਰ ਵਿਚ ਸਮਾਗਮ

27 ਤੋਂ 29 ਮਾਰਚ ਸ੍ਰੀ ਅਖੰਡਪਾਠ, ਭਾਈ ਹਰਬੰਸ ਸਿੰਘ ਜੀ 551-ਈਸਟ ਮੋਹਨ ਨਗਰ

29 ਤੋਂ 31 ਮਾਰਚ ,, ,, ਭਾਈ ਮਨਜੀਤ ਸਿੰਘ ਜੀ, ਹਵੇਲੀ ਹਰਨਾਮ ਸਿੰਘ, ਮਾਹਣਾ ਸਿੰਘ ਰੋਡ

31 ਮਾਰਚ ਤੋਂ 2 ਅਪ੍ਰੈਲ ਸ੍ਰੀ ਅਖੰਡ ਪਾਠ, ਭਾਈ ਮਾਨ ਸਿੰਘ ਜੀ, 195 ਅਜੀਤ ਨਗਰ

3 ਅਪ੍ਰੈਲ ਸਵੇਰੇ 6 ਤੋਂ 12 ਵਜੇ ਤਕ ਅਖੰਡ ਕੀਰਤਨ ਗੁਰਦੁਆਰਾ ਈਸਟ ਮੋਹਨ ਨਗਰ

4 ਤੋਂ 8 ਅਪ੍ਰੈਲ ਸ੍ਰੀ ਅਖੰਡਪਾਠ (ਦੋ) 37-ਬ੍ਰਹਮ ਬੂਟਾ ਮਾਰਕੀਟ

8 ਅਪ੍ਰੈਲ ਸਵੇਰੇ 6 ਤੋਂ 9-30 ਅਖੰਡ ਕੀਰਤਨ ,, ,, ,,

---

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ | ਸੇਵਾ ਸਿੰਘ ਭਾਰਤੀ |
| ੬, ਮਾਲਕ | ਜਥੇਦਾਰ, ਅਖੰਡ ਕੀਰਤਨੀ ਜਥਾ<br>੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੮.੩.੯੪ — ਦਸਖ਼ਤ ਪਬਲਿਸ਼ਰ—ਸੇਵਾ ਸਿੰਘ

---

## ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾ: ਜੀਵਨ ਸਿੰਘ ਅਵਤਾਰ ਸਿੰਘ ਅਮਰੀਕਾ | ੧੦,੦੦੦-੦੦ | ਗੁਪਤ ਦਾਨ | ੨੦੦-੦੦ |
| ਸ: ਆਤਮ ਸਿੰਘ ਖੁਰਦਪੁਰ | ੧੦,੦੦੦-੦੦ | ਸ: ਨਿਰਮਲ ਸਿੰਘ ਖੁਰਦਪੁਰ | ੪੦੦੦-੦੦ |
| ਸ: ਕਿਰਪਾਲ ਸਿੰਘ ਬਖਸ਼ੀ ਨਵੀਂ ਦਿਲੀ | ੧੦੦-੦੦ | ਬੀਬੀ ਬਲਵਿੰਦਰ ਕੌਰ ਲੰਡਨ | ੯੫੦-੦੦ |
| ਬੀਬੀ ਸਤਨਾਮ ਕੌਰ ਸਲੋਅ ਯੂ.ਕੇ. | ੯੦੫-੦੦ | ਗੁਰੂ ਕਾ ਸੇਵਾਦਾਰ ਜੋਧਪੁਰ | ੧੦੦-੦੦ |
| ਭਾ: ਹਰਮਿੰਦਰ ਸਿੰਘ ਫਰੀਦਾਬਾਦ | ੫੦੦-੦੦ | ਭਾ: ਬਖਸ਼ੀਸ਼ ਸਿੰਘ ਬਸੰਤਪੁਰਾ | ੧੦੦-੦੦ |


---

# ਰਾਗਮਾਲਾ ਬਾਰੇ ਵਿਚਾਰ

ਰਾਗਮਾਲਾ ਦੀ ਅਸਲੀਅਤ ਨੂੰ ਸਮਝਣ ਲਈ ਇਸ ਟਰੈਕਟ ਵਿਚ ਦਿਤੇ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰੋ: ਪਿਆਰਾ ਸਿੰਘ ਜੀ ਪਦਮ, ਭਾ: ਸਾ: ਰਣਧੀਰ ਸਿੰਘ, ਸ: ਸ਼ਮਸ਼ੇਰ ਸਿੰਘ ਅਸ਼ੋਕ, ਵੈਦਰਾਜ ਗਿ: ਅਰਜਨ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੇ ਖੋਜ-ਪੂਰਤ ਵਿਚਾਰ ਪੜ੍ਹੋ। ਇਨ੍ਹਾ ਲੇਖਾਂ ਨੂੰ ਪੜ੍ਹ ਕੇ ਇਹ ਤੱਥ ਸਪੱਸ਼ਟ ਤੋਰ ਤੇ ਉਘੜ ਆਉਂਦਾ ਹੈ ਕਿ 'ਰਾਗਮਾਲਾ ਗੁਰਬਾਣੀ ਹੈ' ਜਾਂ ਨਹੀਂ। ਇਸ ਨੂੰ ਆਪ ਪੜ੍ਹੋ ਅਤੇ ਹੋਰਨਾਂ ਵੀਰਾਂ ਭੈਣਾਂ ਨੂੰ ਪੜ੍ਹਾਓ। ਭੇਟਾ ਕੇਵਲ ੧-੫੦

www.AKJ.Org

## ਭਾਈ ਭਜਨ ਸਿੰਘ ਜੀ (ਅਮਰੀਕਾ) ਅਕਾਲ ਚਲਾਣਾ ਕਰ ਗਏ



ਭਾਈ ਭਜਨ ਸਿੰਘ ਚੜ੍ਹਦੀ ਕਲਾ ਵਾਲਾ ਨਾਮ-ਰਸੀਆ ਗੁਰਸਿਖ ਸੀ। ਅਖੰਡ ਕੀਰਤਨੀ ਜਥੇ ਦੇ ਗੁਰਸਿਖ ਵੀਰਾਂ ਨਾਲ ਮਿਲ ਕੇ ਸਾਲਾਂ ਬਧੀ ਦਿੱਲੀ ਵਿਚ ਕੀਰਤਨ-ਅਖਾੜਿਆਂ ਵਿਚ ਜੁੜਦਾ, ਸੇਵ ਕਮਾਂਦਾ ਜੀਵਨ ਦੇ ਸਚੇ ਸੁਚੇ ਲਾਹੇ ਲੈਂਦਾ ਰਿਹਾ। ਦੂਜਿਆਂ ਦੇ ਕੰਮ ਸਵਾਰਨ ਦਾ ਆਪ ਦੇ ਅੰਦਰ ਚਾਅ-ਉਤਸ਼ਾਹ ਬਣਿਆ ਰਹਿੰਦਾ ਸੀ। ਕੁਝ ਸਮੇਂ ਤੋਂ ਆਪ ਨੇ ਅਮਰੀਕਾ ਜਾ ਵਾਸਾ ਕੀਤਾ ਅਤੇ ਉਥੇ ਕੈਲੇਫੋਰਨੀਆ ਵਿਚ ਆਪ ਜੀ 8-1-94 ਨੂੰ ਅਕਾਲ ਚਲਾਣਾ ਕਰ ਗਏ। ਜਨਮ 6-10-33 ਦਾ ਹੈ ਅਤੇ ਪਿੰਡ ਬੋਪਾਰਾਇ (ਲੁਧਿਆਣਾ) ਸੀ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

---

# ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

### ਕਲਗੀਧਰ ਕੀਰਤਨ ਦਰਬਾਰ (ਲੋਹਗੜ੍ਹ ਰੋਡ) ਵਿਖੇ

ਅਖੰਡ ਕੀਰਤਨੀ ਜਥਿਆਂ ਵਲੋਂ ੨੫ ਮਾਰਚ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਹੋਣਗੇ, ਜਿਸ ਦੇ ਭੋਗ ੨੭ ਮਾਰਚ ਸਵੇਰੇ ਪੈਣਗੇ। ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਹੋਣਗੇ। ਕੇਵਲ ਅੰਮ੍ਰਿਤਧਾਰੀ ਸੰਗਤਾਂ ਲਈ ਰਿਹਾਇਸ਼ ਹੋਵੇਗੀ, ਪਰ ੨੮ ਮਾਰਚ ਸਵੇਰੇ ਸਮਪਤੀ ਪਿਛੋਂ ਕੋਈ ਰਿਹਾਇਸ਼ ਨਹੀਂ ਹੋਵੇਗੀ। ਆਪਣੇ ਬਿਸਤਰੇ ਤੇ ਦਰੀਆ ਲੈ ਕੇ ਆਓ ਜੀ।

### ਕੁਰਾਲੀ ਗੁਰਦੁਆਰਾ ਸ੍ਰੀ ਹਰਿਗੋਬਿੰਦ ਗੜ੍ਹ (ਮੁਰਿੰਡਾ ਰੋਡ) ਵਿਖੇ ਸਾਲਾਨਾ ਸਮਾਗਮ

੧੭.੩.੯੪ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ, ੧੮.੩.੯੪ ਸ਼ਾਮ ਅਖੰਡ ਕੀਰਤਨ ਗੁਰਦੁਆਰਾ ਸਬਜ਼ੀ ਮੰਡੀ, ੧੯.੩.੯੪ ਸਵੇਰੇ ਸ੍ਰੀ ਅਖੰਡ ਪਾਠ ਦੀ ਸਮਾਪਤੀ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ਨੂੰ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਅਰੰਭ।

**ਲਹਿਰਾ ਮੁਹਬਤ (ਬਠਿੰਡਾ), ਗ੍ਰਹਿ ਸੂਬੇਦਾਰ ਹਰਫੂਲ ਸਿੰਘ, ਰੈਣ ਸਬਾਈ ਕੀਰਤਨ ੧੨ ਮਾਰਚ**
**ਬਾਬਾ ਬਕਾਲਾ ਗੁ:ਭੋਰਾ ਸਾਹਿਬ,ਭੋਗ ਅਖੰਡਪਾਠ,ਸ਼ਾਮ ਰੈਣ ਸਬਾਈ ਕੀਰਤਨ,ਅੰਮ੍ਰਿਤ ਸੰਚਾਰ ੧੯ਮਾਰਚ**
**ਗੁ: ਗਰਨਾ ਸਾਹਿਬ ਪਾ: ੯ (ਟਾਂਡਾ-ਦਸੂਹਾ ਵਿਚਕਾਰ) ਰੈਣ ਸਬਾਈ ਕੀਰਤਨ ੧੯ ਮਾਰਚ**
**ਕੁਰਾਲਾ(ਹੁਸ਼ਿਆਰਪੁਰ)ਗ੍ਰਿਹ ਸ਼ਹੀਦ ਬਾਬਾ ਅਵਤਾਰਸਿੰਘ,ਭੋਗ ਅਖੰਡਪਾਠ,ਰਾਤ ਰੈਣ ਸਬਾਈ,੨ਅਪ੍ਰੈਲ**

### ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਮਿਤੀ 26.3.94. ਗਰਦੁਆਰਾ (ਸਿਖ ਟੈਂਪਲ) ਮਿਡਵੇ ਟਾਊਨ, ਕੌਸਕ ਸਟਰੀਟ, ਰੋਚੈਸਟਰ, ਚੈਥਮ, ਕੇਂਟ
ਫ਼ੋਨ ਗੁਰਦਵਾਰਾ 0634-49782, ਭਾ: ਹਰਬਖਸ਼ ਸਿੰਘ ਸਰਾਏ 0634-407547

**ਯੂ. ਕੇ. ਦੇ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 0734-267900)**
***Bhai Gurnam Singh, 10–Lambourne Gardens, Earley, Reading, Berk, U.K.***

---

**ਗੁਰਬਾਣੀ ਦੇ ਸਤਿਕਾਰ ਲਈ 'ਸੂਰਾ' ਪੱਤਰ ਨੂੰ ਉਚੀ ਥਾਂ ਸਤਿਕਾਰ ਨਾਲ ਰਖੋ ਜੀ**

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ
**ਸੂਰਾ ਮੰਥਲੀ, 390 ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ–143006**

www.AKJ.Org